ਮਾਸਕ ੴ ਪੱਤਰ
ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

## ਗੁਰਦੁਆਰਾ ਟੁੱਟੀ ਗੰਢੀ–ਮੁਕਤਸਰ ਸਾਹਿਬ

ਇਸ ਅਸਥਾਨ ਤੇ ਆਪਣੇ ਸੀਸ ਭੇਟ ਕਰ ਕੇ, ਦਸਮੇਸ਼ ਜੀ ਤੋਂ ਬੇਦਾਵਾ ਪੜਵਾਣ ਪਿਛੋਂ 40 ਸਿੰਘ ਮੁਕਤੇ ਬਣੇ ।



ਸਿੰਘੋ ! ਅੱਜ ਅਸੀਂ ਪੰਥ ਨੂੰ ਲੀਰੋ ਲੀਰ ਕਰਕੇ ਗੁਰੂ ਤੋਂ ਬੇਮੁਖ ਹੋ ਰਹੇ ਹਾਂ ।
ਆਓ, ਸਾਰੇ ਇਕ-ਜਾਨ ਹੋਈਏ ਤੇ ਸਤਿਗੁਰੂ ਤੋਂ ਆਪਣੀਆਂ ਟੁੱਟੀਆਂ ਗੰਢਵਾ ਲਈਏ ।

www.AKJ.Org

# ਤ ਤ ਕ ਰਾ


| | | |
|---|---|---|
| ਧਰਮ-ਬੀਰਤਾ ਵਾਲੀ ਸੱਚੀ ਦੇਸ਼ ਭਗਤੀ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਗੁਰਬਾਣੀ ਦਾ ਬਾਰ ਬਾਰ ਰਟਨ | ੫ | ,, ,, ,, |
| ਚਾਲੀ ਮੁਕਤੇ ... | ੬ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਰੁਬਾਈਆਂ ... ... | ੮ | ਗਿ: ਗੋਪਾਲ ਸਿੰਘ ਜੀ ਮਿੱਤਰ |
| ਖਾਲਸਾ ਕੁਰਬਾਨੀ ਦੇ ਚਾਉ ਵਿਚ ਮੁਸੀਬਤ ਨੂੰ ਵੰਗਾਰਦੈ | ੯ | ਸ: ਕਰਮ ਸਿੰਘ ਜੀ ਹਿਸਟੋਰੀਅਨ |
| ਕਲਗੀਧਰ ਜੀ ਨਾਲ ਪਹਾੜੀ ਰਾਜਿਆਂ ਦੀਆਂ ਲੜਾਈਆਂ (੨) | ੧੧ | ਪ੍ਰੋਫੈਸਰ ਸਾਹਿਬ ਸਿੰਘ ਜੀ |
| ਭੂਰਿਆਂ ਵਾਲੇ ਰਾਜੇ ਕੀਤੇ (੧੪) | ੧੫ | ਕੈਪਟਿਨ ਸਵਰਨ ਸਿਘ ਜੀ |
| ਭਗਤੀ ਤੇ ਸ਼ਕਤੀ--ਮੀਰੀ ਪੀਰੀ | ੨੦ | ਪ੍ਰਿੰਸੀਪਲ ਸੁਰਜੀਤ ਸਿੰਘ ਜੀ |
| ਸਵਯੇ ਅਤੇ ਸਵਈਏ | ੨੨ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਅੰਮ੍ਰਿਤ-ਕਲਾ ਤੇ ਸੱਚ ਖੰਡ | ੨੫ | ਸੂਬੇਦਾਰ ਧਰਮ ਸਿੰਘ ਜੀ |
| ਧਰਮ ਤੇ ਸਿਆਸਤ ਦਾ ਸੰਬਾਦ (ਕਵਿਤਾ) | ੨੭ | ਗਿਆਨੀ ਜੰਗ ਸਿੰਘ ਜੀ |
| ਰਾਗਮਾਲਾ ਬਾਰੇ ਵਿਵਾਦ ਦਾ ਸਹੀ ਹੱਲ | ੨੮ | ਸੂਰਾ ਪਰਵਾਰ |
| ਅਲੌਕਿਕ ਅਨੰਦ ਕਾਰਜ | ੨੯ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਗੁਰਪੁਰ ਵਾਸੀ ਡਾਕਟਰ ਕੌਰ ਸਿੰਘ ਜੀ | ੩੧ | — — — |
| ਜੇ ਘਰ ਭੰਨੈ ਪਾਹਰੂ ....? | ੩੩ | ਸੂਰਾ ਪਰਵਾਰ |
| ਪ੍ਰਤਿਪਾਲੈ ਨਿਤ ਸਾਰਿ ਸਮਾਲੈ | ੩੪ | ਜੇ. ਪੀ. ਸੰਗਤ ਸਿੰਘ ਜੀ |
| ਹਰਿ-ਰੂਪ ਸ੍ਰੀ 'ਹਰਿ ਰਾਇ' ਗੁਰੂ (ਕਵਿਤਾ) | ੪੧ | ਸ: ਵਿਧਾਤਾ ਸਿੰਘ ਜੀ ਤੀਰ |
| ਨਿਮਰਤਾ ਤੇ ਮਿੱਠੇ ਬੋਲ | ੪੨ | ਰੰਗਲੇ ਸੱਜਣ ਵਿਚੋਂ |


| | |
|---|---|
| ਸ੍ਰੀ ਗੁਰੂ ਹਰਿ ਰਾਇ ਸਾਹਿਬ ਪ੍ਰਕਾਸ਼ ਦਿਵਸ | ੨੮ ਜਨਵਰੀ |
| ਮੇਲਾ ਮਾਘੀ ਮੁਕਤਸਰ | ੧੪ ਜਨਵਰੀ |

## 'ਸੂਰਾ ਦੇ ਚੰਦੇ ਅਤੇ ਬਕਾਏ (ਅਮਾਨਤੀ ਲਾਈਫ਼) ਮੈਂਬਰ ਦੇ ਕੇ ਰਸੀਦ ਲਓ

੧. ਲੁਧਿਆਣਾ—ਗਿਆਨੀ ਅਜੀਤ ਸਿੰਘ ਜੀ, ਵਿਯੋਗੀ ਨਿਕੇਤਨ, ਗਲੀ ਨੰਬਰ ੭, ਫੀਲਡ ਗੰਜ
੨. ਪਟਿਆਲਾ—ਪ੍ਰੋਫੈਸਰ ਗੁਰਮੁਖ ਸਿੰਘ ਜੀ, ੭੯-ਇੰਦਰਪੁਰੀ ਕਾਲੋਨੀ, ਸਰਹੰਦ ਰੋਡ
੩. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫੋਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ ਨਗਰ, ਮੋਹਾਲੀ
੬. ਜ਼ਿਲਾ ਸੰਗਰੂਰ—ਪਿੰਡ ਰੰਗੀਲਾ (ਰੂਪ ਗੁਰਦੁਆਰਾ) ਭਾਈ ਦਰਸ਼ਨ ਸਿੰਘ ਜੀ ਦਰਸ
੭. ਫਰੀਦਾਬਾਦ ਟਾਊਨ (ਹਰਿਆਣਾ)—ਭਾਈ ਬਲਵੰਤ ਸਿੰਘ ਜੀ, ੫-ਡੀ, ਸੈਕਟਰ ੫੫, (੧੨੧੦੦੧)
੮. ਦਿੱਲੀ—ਭਾਈ ਨਰਿੰਦਰ ਸਿੰਘ ਜੀ ਏ-੩੫ ਫ਼ਤਹ ਨਗਰ
੯. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 —ਘਰ 52206


ਲਾਇਟ ਪ੍ਰਿੰਟਰਜ਼, ਬਜ਼ਾਰ ਬਾਬਾ ਬੋਹੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥਾ ਵਲੋਂ [illegible] ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧-੧-੯੧ ਨੂੰ ਪ੍ਰਕਾਸ਼ਤ ਕੀਤਾ



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ਇਕ ਓਅੰਕਾਰ ਵਾਹਿਗੁਰੂ ਜੀ ਕੀ ਫ਼ਤਹ
ਮਾਸਕ ਪੱਤਰ
ਸ੍ਰੀ ਅੰਮ੍ਰਿਤਸਰ

ਸਾਲਾਨਾ ਚੰਦਾ
ਦੇਸ ੨੦-੦੦
ਇਕ ਪਰਚਾ ੨-੦੦
ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ
ਸਮੁੰਦਰੀ ਡਾਕ ੫੦-੦੦
ਹਵਾਈ ਡਾਕ ੧੫੦-੦੦

Foreign Subscription
Sea Mail 50-00
Air Mail 150-00

ਅਮਾਨਤੀ
ਲਾਈਫ਼ ਮੈਂਬਰ
ਦੇਸ ੨੦੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੫੦੦-੦੦
ਹਵਾਈ ਡਾਕ ੧੫੦੦-੦੦

ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੫ ਜਨਵਰੀ ੧੯੯੧ ਅੰਕ ੧

## ਧਰਮ-ਬੀਰਤਾ ਵਾਲੀ ਸੱਚੀ ਦੇਸ਼-ਭਗਤੀ

ਸੱਚੀ ਸੂਰਮਤਾ ਅਤੇ ਨਿਰਭੈਤਾ ਵਾਲੇ ਧਰਮ-ਜੁਝਾਰੀ ਅਤੇ ਪਰਉਪਕਾਰੀ ਜਨ ਵਾਸਤਵ ਵਿਚ ਓਹੀ ਹੋ ਸਕਦੇ ਹਨ, ਜਿਨ੍ਹਾਂ ਦਾ ਰੋਮ ਰੋਮ ਆਤਮ-ਰੰਗਾਂ ਵਿਚ ਰੰਗੀਜਿਆ ਹੋਇਆ ਹੋਵੇ। ਆਪਣੇ ਨਫ਼ਸ ਉਤੇ ਹਾਵੀ ਹੋ ਕੇ ਮਨ ਨੂੰ ਜਿਤਣ ਵਾਲੇ ਹੀ ਜਗ ਨੂੰ ਜਿਤ ਸਕਦੇ ਹਨ। ਇਹ ਆਤਮ-ਜਿਣੀ-ਜੋਧੇ ਓਹੀ ਹੋ ਸਕਦੇ ਹਨ ਜੋ ਸਤਿਗੁਰੂ ਪੂਰੇ ਗੁਰੂ ਨਾਨਕ ਦਸਮੇਸ਼ ਦੇ ਸੱਚੇ ਸਿਖ ਅਤੇ ਸਿੰਘ ਸੂਰਮੇ ਹੋਣ। ਇਸ ਸੱਚੀ ਸੂਰਬੀਰਤਾ ਤੋਂ ਊਣੀ ਅਤੇ ਊਰੀ ਦੇਸ਼-ਭਗਤੀ ਰਾਜ-ਸਾਜੀ ਤਬਕੇ ਵਿਚ ਕਿਸੇ ਭੀ ਲੇਖੇ ਨਹੀਂ। ਧਰਮ-ਬੀਰਤਾ ਤੋਂ ਖ਼ਾਲੀ ਦੇਸ਼-ਭਗਤੀਆਂ ਐਵੇਂ ਕਹਿਣ ਕਹਾਉਣ ਨੂੰ ਹੀ ਦੇਸ਼-ਭਗਤੀਆਂ ਹਨ, ਤੱਤ ਦੇਸ਼-ਭਗਤੀ ਦਾ ਏਥੇ ਨਮੂਦ ਹੀ ਨਹੀਂ। ਧਰਮ-ਸ਼ੂਨ ਪ੍ਰਮਾਰਥ ਬਿਹੂਣ ਦੇਸ਼-ਭਗਤੀ ਸ਼ੁਸ਼ਕ ਅਤੇ ਫੋਕੀ ਦੇਸ਼-ਭਗਤੀ ਹੈ। ਭਗਤੀ ਦਾ ਪਦ ਏਥੇ ਫਬਦਾ ਹੀ ਨਹੀਂ। ਸੱਚੀ ਦੇਸ਼-ਭਗਤੀ ਪ੍ਰਮਾਰਥ ਦੇ ਸੱਚੇ ਆਤਮ-ਜੰਜ਼ਬੇ ਚੋਂ ਹੈ ਅਤੇ ਇਹ ਸੱਚੀ ਸਪਿਰਿਟ ਆਤਮ ਵਾਲਾ ਜਜ਼ਬਾ ਜਿਸ ਕੌਮ, ਜਿਸ ਪੰਥ ਵਿਚ ਹੈ, ਓਹੀ ਸੱਚੀ ਦੇਸ਼-ਭਗਤ ਕੌਮ ਹੈ। ਖ਼ਾਲਸਾ ਪੰਥ ਅਜਿਹੇ ਆਤਮ-ਔਜੀ ਤੱਤ ਪ੍ਰਮਾਰਥੀਆਂ ਦਾ ਸਮੂਹ ਹੈ।

[ਭਾ: ਸਾ: ਰਣਧੀਰ ਸਿੰਘ ਜੀ ਦੇ ਗੁ: ਟਾਹਲੀ ਸਾਹਿਬ ਦੇ ਪ੍ਰਧਾਨਗੀ ਐਡਰੈਸ ਵਿਚੋਂ



www.AKJ.Org

# ਗੁਰਬਾਣੀ ਦਾ ਬਾਰੰ ਬਾਰ ਰਟਨ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਨੋਟ—ਪ੍ਰੀਤ ਲੜੀ ੧੯੩੮ ਦੀ ਫਾਈਲ ਭਾਈ ਸਾਹਿਬ ਨੇ ਵੇਖੀ ਤਾਂ ਉਸ ਵਿਚ ਨਾਮ-ਬਾਣੀ ਤੇ ਕੀਰਤਨ ਬਾਰੇ ਕਈ ਤਰ੍ਹਾਂ ਦੇ ਕੀਤੇ ਸ਼ੰਕਿਆਂ ਤੇ ਉਟੰਕਣਾਂ ਨੇ ਆਪ ਜੀ ਨੂੰ ਹਲੂਣ ਦਿਤਾ, ਜਿਨ੍ਹਾਂ ਦੇ ਅਕੱਟ ਉਤਰ ਤਿੰਨ ਟਰੈਕਟਾਂ ਵਿਚ ਭਾਈ ਸਾਹਿਬ ਜੀ ਨੇ ਦਿਤੇ ਹਨ। ਇਕ ਉਟੰਕਣ ਬਾਰੇ ਵਿਚਾਰ ਹੇਠਾਂ ਦਿਤੀ ਜਾਂਦੀ ਹੈ। —ਸੰਪਾਦਕ

ਪ੍ਰੀਤ ਲੜੀ ਵਾਲੇ ਸਜਣ ਜੀ ਕਹਿੰਦੇ ਹਨ ਕਿ "ਮਸ਼ੀਨ ਵਾਂਗ, ਬਿਨਾਂ ਜ਼ਿੰਦਗੀ ਵਿਚ ਘਟਾਏ ਦੇ ਚੰਗੀ ਤੋਂ ਚੰਗੀ ਬਾਣੀ ਦਾ ਪਾਠ ਭੀ ਲਾਭ ਦੀ ਥਾਂ ਹਾਨੀ ਪੁਚਾਂਦਾ ਹੈ।"

ਇਸ ਦਾ ਸਾਫ ਭਾਵ ਇਹ ਹੈ ਕਿ ਬਾਣੀ ਨੂੰ ਜ਼ਿੰਦਗੀ ਵਿਚ ਘਟਾਉਣਾ ਚਾਹੀਦਾ ਹੈ। ਜ਼ਿੰਦਗੀ ਵਿਚ ਘਟਾਏ ਬਿਨਾਂ ਚੰਗੀ ਤੋਂ ਚੰਗੀ ਬਾਣੀ ਦਾ ਪਾਠ ਲਾਭਦਾਇਕ ਨਹੀਂ, ਸਗੋਂ ਹਾਨੀਕਾਰਕ ਹੈ।

ਅਸੀਂ ਪਹਿਲਾਂ ਪ੍ਰੀਤ ਲੜੀਏ ਸਜਣ ਤੋਂ ਪੁਛਦੇ ਹਾਂ ਕਿ ਕੀ ਬਾਣੀ ਨੂੰ ਪਹਿਲਾਂ ਜ਼ਿੰਦਗੀ ਵਿਚ ਘਟਾਉਣਾ ਚਾਹੀਦਾ ਹੈ ਤੇ ਪਿਛੋਂ ਪਾਠ ਕਰਨਾ ਚਾਹੀਦਾ ਹੈ, ਜਾਂ ਪਹਿਲੋਂ ਪਾਠ ਕਰੀਦਾ ਹੈ ਤੇ ਪਿਛੋਂ ਜ਼ਿੰਦਗੀ ਵਿਚ ਘਟਾਈਦਾ ਹੈ? ਪ੍ਰੀਤ ਲੜੀਏ ਸੱਜਣ ਦੀ ਮਨਤਕੀ ਫ਼ਿਲਾਸਫ਼ੀ ਅਨੁਸਾਰ ਜੇ ਤਾਂ ਬਾਣੀ ਨੂੰ ਜ਼ਿੰਦਗੀ ਵਿਚ ਹੀ ਪਹਿਲਾਂ ਘਟਾਇਆ ਜਾਏ ਤਾਂ ਫੇਰ ਉਨ੍ਹਾਂ ਦੇ ਨਿਸਚੇ ਅਨੁਸਾਰ ਬਾਣੀ ਦੇ ਪਾਠ ਕਰਨ ਦੀ ਹੀ ਲੋੜ ਨਹੀਂ, ਬੱਸ ਬਾਣੀ ਦਾ ਭਾਵ ਜ਼ਿੰਦਗੀ ਵਿਚ ਘਟ ਗਿਆ। ਪਰ ਸਵਾਲ ਇਹ ਹੈ ਕਿ ਬਾਣੀ ਦੇ ਪਾਠ ਕੀਤੇ ਬਾਝੋਂ ਬਾਣੀ ਐਵੇਂ ਹੀ ਕਿਵੇਂ ਕਿਸੇ ਦੀ ਜ਼ਿੰਦਗੀ ਵਿਚ ਘਟ ਜਾਊ? ਸਿਰਫ਼ ਇਕ ਵਾਰ ਬਾਣੀ ਦਾ ਪਾਠ ਕੀਤਾ, ਭਾਵੇਂ ਕਿਤਨੀ ਹੀ ਸੋ ਕਾਲਡ (so called) ਵੀਚਾਰ ਦੁਆਰਾ ਕੀਤਾ ਜਾਵੇ, ਕਦੇ ਵੀ ਕਿਸੇ ਦੀ ਜ਼ਿੰਦਗੀ ਵਿਚ ਨਹੀਂ ਘਟ ਸਕਦਾ।

ਉਦਾਹਰਨ ਵਜੋਂ—ਗੁਰਬਾਣੀ ਦਾ ਪਾਠ ਇਉਂ ਆਉਂਦਾ ਹੈ :—

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ ॥੧॥੧॥੩੨॥

—ਧਨਾਸਰੀ ਮ: ੫, ਪੰਨਾ ੬੭੯

ਦਸੋ, ਜਦ ਅਸੀਂ ਇਸ ਗੁਰਵਾਕ ਰੂਪੀ ਬਾਣੀ ਦਾ ਪਾਠ ਨਹੀਂ ਕਰਾਂਗੇ ਤਾਂ ਐਵੇਂ ਹੀ ਇਹ ਬਾਣੀ, ਬਿਨਾਂ ਪਾਠ ਕੀਤੇ, ਜ਼ਿੰਦਗੀ ਵਿਚ ਕਿਵੇਂ ਘਟ ਜਾਵੇਗੀ? ਇਕ ਵਾਰ ਪੜ੍ਹੇ ਤੇ ਭੀ ਨਹੀਂ ਘਟਣੀ। ਜਦ ਤਾਈਂ ਬਾਰੰਬਾਰ ਇਸ ਬਾਣੀ ਦਾ ਪਾਠ ਨਾ ਕੀਤਾ ਜਾਵੇ, ਤਦ ਤਾਈਂ ਇਸ ਦਾ ਭਾਵ ਹੀ ਕਿਸੇ ਨੂੰ ਨਹੀਂ ਪੁੜਨਾ, ਜ਼ਿੰਦਗੀ ਵਿਚ ਤਾਂ ਕੀ ਘਟਣਾ ਸੀ।

ਇਸ ਗੁਰਵਾਕ ਦਾ ਭਾਵ ਗੁਰਬਾਣੀ ਦੇ ਇਸ ਹੁਕਮ ਨੂੰ ਨਿਰੂਪਣ ਕਰਾਉਂਦਾ ਹੈ ਕਿ ਨਾਮ ਨੂੰ ਸਿਮਰਹੁ ਅਤੇ ਸਿਮਰੀ ਜਾਓ ਅਤੇ ਸਿਮਰ ਸਿਮਰ ਕੇ ਸੁਖ ਪਾਵਹੁ, ਅਤੇ ਸਿੱਖ ਜਗਿਆਸੂ ਨੂੰ ਚਾਹੀਦਾ ਹੈ ਕਿ ਸੁਆਸ ਸੁਆਸ, ਖਿਨ ਖਿਨ ਸਿਮਰੀ ਜਾਏ। ਇਹ ਬਾਣੀ ਦਾ ਜ਼ਿੰਦਗੀ ਵਿਚ ਘਟਾਉਣਾ ਹੈ। ਗੁਰੂ ਰੂਪ ਗੁਰਬਾਣੀ ਇਹ ਗੱਲ ਦ੍ਰਿੜ੍ਹਾਉਂਦੀ ਹੈ ਕਿ ਸਿੱਖ ਸੇਵਕ ਬਾਰੰਬਾਰ ਰਸਨਾ ਦੁਆਰਾ, ਖਿਨ ਖਿਨ ਸੁਆਸਾਂ ਦੁਆਰਾ ਅਤੇ ਸੁਆਸ ਸੁਆਸ ਸੁਰਤੀ ਦੁਆਰਾ ਨਾਮੁ ਦਾ ਸਿਮਰਨ, ਕੇਵਲ ਨਾਮ ਦਾ ਸਿਮਰਨ ਹੀ ਕਰੇ। ਇਸ ਨਾਮ ਦੇ ਸੁਆਸ ਸੁਆਸ ਸਿਮਰਨ ਰੂਪੀ ਗੁਰ-ਹੁਕਮਾਈ ਸਚਾਈ ਨੂੰ ਦ੍ਰਿੜ੍ਹ ਕਰਨ ਹਿਤ ਅਤੇ ਜ਼ਿੰਦਗੀ ਵਿਚ ਘਟਾਉਣ ਹਿਤ ਗੁਰ-ਹੁਕਮਾਂ ਦੇ ਦਰਸਾਵਨੀ ਗੁਰਬਾਣੀ ਦਾ ਪਾਠ ਕਰਨਾ ਸੁਣਨਾ ਪਰਮ ਜ਼ਰੂਰੀ ਹੈ।



www.AKJ.Org

ਦੁਨਿਆਵੀ ਕੂੜਾਵੇ ਬਿਉਹਾਰਾਂ ਕਾਰਾਂ ਵਿਚ ਅਤੇ ਮਾਇਆਵੀ ਕੱਚੇ ਕਚਪਿਚੇ ਆਲੂਦਾ ਖ਼ਿਆਲਾਂ ਵਿਚ ਖਚਤ ਹੋਏ ਜਗਿਆਸੂ ਨੂੰ ਕੇਵਲ ਇੱਕ ਵਾਰ ਅਤੇ ਪਹਿਲੀ ਵਾਰ ਹੀ ਕੀਤੇ ਗੁਰਬਾਣੀ ਦੇ ਪਾਠ ਤੋਂ ਬਾਰੰਬਾਰ ਨਾਮ ਸਿਮਰਨ ਵਾਲੀ ਸਚਾਈ ਦ੍ਰਿੜ੍ਹ ਨਹੀਂ ਹੋ ਸਕਦੀ, ਨਾ ਹੀ ਜ਼ਿੰਦਗੀ ਵਿਚ ਘਟ ਸਕਦੀ ਹੈ। ਉਹ ਖਿਨ ਖਿਨ ਭੁਲਦਾ ਹੈ ਅਤੇ ਭੁੱਲ ਭੁੱਲ ਜਾਂਦਾ ਹੈ ਅਤੇ ਸਾਰਾ ਦਿਨ ਸਾਰੀ ਰਾਤ ਭੁੱਲਿਆ ਹੀ ਰਹਿੰਦਾ ਹੈ, ਜਦ ਤਾਈਂ ਫੇਰ ਗੁਰੂ ਰੂਪ ਬਾਣੀ ਦੀ ਸਰਣਾਗਤਿ ਆ ਕੇ ਗੁਰਵਾਕ ਰੂਪ ਬਾਣੀ ਦੇ ਪਾਠ ਰੂਪੀ ਚਾਬਕ-ਬਾਣ ਨਹੀਂ ਸਹਿੰਦਾ। ਇਹ ਚਾਬਕ ਜਿਉਂ ਜਿਉਂ ਉਸ ਦੇ ਲੱਗਦੇ ਹਨ ਤਿਉਂ ਤਿਉਂ ਉਹ ਸੁਆਸ ਸੁਆਸ ਨਾਮ-ਸਿਮਰਨ ਲਈ ਤਤਪਰ ਹੁੰਦਾ ਜਾਂਦਾ ਹੈ।

ਤਾਂ ਤੇ ਬਾਣੀ ਦੇ ਪਾਠ ਕੀਤੇ ਹੀ ਅਤੇ ਬਾਰੰਬਾਰ ਪਾਠ ਕੀਤੇ ਹੀ ਬਾਣੀ ਜ਼ਿੰਦਗੀ ਵਿਚ ਘਟਦੀ ਹੈ। ਗੁਰਬਾਣੀ ਦਾ ਜ਼ਿੰਦਗੀ ਵਿਚ ਤੱਤ ਘਟਣ-ਘਟਾਉ ਇਹੋ ਹੈ ਕਿ ਬਾਣੀ ਦੇ ਪਾਠ ਕਰਨਹਾਰਾ ਸੁਆਸ ਸੁਆਸ ਨਾਮ ਨੂੰ ਸਿਮਰੇ ਅਤੇ ਇਕ ਖਿਨ ਵੀ ਨਾ ਵਿਸਾਰੇ। ਗੁਰਬਾਣੀ ਦੇ ਹੋਰ ਹੁਕਮ ਮੰਨਣ ਅਤੇ ਮੰਨ ਕੇ ਜ਼ਿੰਦਗੀ ਵਿਚ ਘਟਾਉਣੇ ਸਚਿਆਰ ਸਿਖ ਨੂੰ ਪਰਮ ਜ਼ਰੂਰੀ ਹਨ, ਪਰ ਪਾਰਸ ਰੂਪ ਬਾਣੀ ਦਾ ਨਿਰਾ ਪਾਠ ਕਰੀ ਜਾਣਾ ਹੀ ਬਾਣੀ ਦੇ ਪਾਠ ਕਰਨਹਾਰੇ ਦੀ ਜ਼ਿੰਦਗੀ ਨੂੰ ਆਪਣੀ ਪਾਰਸ-ਰਸਾਇਣੀ-ਕਲਾ ਦੁਆਰਾ ਪਾਕ ਕਰਨ ਲਈ ਸਮਰੱਥ ਹੈ। ਯਥਾ ਗੁਰਵਾਕ :–

ਗੁਰਬਾਣੀ ਗਾਵਹੁ ਭਾਈ ॥ ਓਹ ਸਫਲ ਸਦਾ ਸੁਖਦਾਈ ॥੧॥ ਰਹਾਉ ॥੮੧॥

ਅਤੇ– –ਸੋਰਠਿ ਮ: ੫, ਪੰਨਾ ੬੨੯

ਪ੍ਰਭ ਬਾਣੀ ਸਬਦੁ ਸੁਭਾਖਿਆ ॥

ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥੪॥੧੧॥ –ਸੋਰਠਿ ਮ: ੫, ਪੰਨਾ ੬੧੧

ਰੂਪੀ ਅਨੇਕ ਗੁਰਵਾਕ ਹਨ, ਜੋ ਗੁਰਬਾਣੀ ਦੇ ਮਹਿਜ਼ ਪੜ੍ਹਨ ਸੁਣਨ ਅਤੇ ਗਾਵਣ ਨੂੰ ਹੀ ਸਫਲ ਸਦਾ ਸੁਖਦਾਈ ਸਾਬਤ ਕਰਦੇ ਹਨ। ਗੁਰਬਾਣੀ ਦਸਦੀ ਹੈ, ਦ੍ਰਿੜ੍ਹਾਉਂਦੀ ਹੈ ਅਤੇ ਭਜਨ-ਪਾਠ ਕਰਨਹਾਰਿਆਂ ਦਾ ਜੀਵਨ-ਤਜਰਬਾ ਦੱਸਦਾ ਦ੍ਰਿੜ੍ਹਾਉਂਦਾ ਹੈ ਕਿ ਗੁਰਬਾਣੀ ਦਾ ਪਾਠ ਅਤੇ ਨਾਮ ਦਾ ਭਜਨ-ਸਿਮਰਨ ਜ਼ੋਰੋ ਜ਼ੋਰ ਜਿਉਂ ਜਿਉਂ ਮਸ਼ੀਨ ਵਾਂਗ ਕੀਤਾ ਜਾਵੇ, ਤਿਉਂ ਤਿਉਂ ਅੰਮ੍ਰਿਤ-ਬਾਣੀ ਦੀ ਪਾਰਸ-ਕਲਾ ਬਹੁਤੀ ਛੇਤੀ ਵਰਤਦੀ ਹੈ ਅਤੇ ਜੀਵਨ ਨੂੰ ਪਾਰਸ ਬਣਾਉਣ ਵਾਲੀ ਘਟਨਾ ਵਿਚ ਘਟਾਉਂਦੀ ਹੈ।

ਚੰਗੀ ਤੋਂ ਚੰਗੀ ਬਾਣੀ, ਬਾਣੀਆਂ ਸਿਰ ਬਾਣੀ, ਅੰਮ੍ਰਿਤ ਕਲਾ ਸਪੰਨ ਗੁਰਬਾਣੀ ਤਾਂ ਇਹ ਦ੍ਰਿੜ੍ਹਾਉਂਦੀ ਹੈ ਕਿ ਗੁਰਬਾਣੀ ਦਾ ਰਸਨ ਰਟਨ ਮਾਤਰੀ ਪਾਠ ਤੇ ਮਸ਼ੀਨ-ਮਤਵਾਤਰੀ ਭਜਨ ਕੀਰਤਨ ਸਦਾ ਹੀ ਸਫਲ ਅਤੇ ਸੁਖਦਾਈ ਹੈ। ਪਰ ਪ੍ਰੀਤ ਲੜੀ ਦੇ ਫ਼ਿਲਾਸਫ਼ਰ ਇਹ ਦੱਸਦੇ ਹਨ, ਕਿ "ਮਸ਼ੀਨ ਵਾਂਗ ਕੀਤੇ ਚੰਗੀ ਤੋਂ ਚੰਗੀ ਬਾਣੀ ਦੇ ਪਾਠ ਦਾ ਲਾਭ ਕੁਝ ਨਹੀਂ, ਹਾਨੀ ਹੀ ਹਾਨੀ ਹੈ।"

ਨਾਲੇ ਇਹ ਭੀ ਲਿਖੀ ਜਾਂਦੇ ਹਨ ਕਿ "ਮੈਂ ਕਦੇ ਨਹੀਂ ਆਖਿਆ ਕਿ ਭਜਨ ਪਾਠ ਨਹੀਂ ਕਰਨੇ ਚਾਹੀਦੇ।" ਉਨ੍ਹਾਂ ਦੇ ਆਖੇ ਦਾ ਇਸ ਤੋਂ ਵਧ ਹੋਰ ਕੀ ਸਬੂਤ ਹੋ ਸਕਦਾ ਹੈ ਕਿ ਏਨ੍ਹਾਂ ਨੇ ਆਖ ਆਖ ਕੇ ਅਨੇਕਾਂ ਅੱਲ੍ਹੜ ਗੁਰਸਿੱਖ ਨੌਜਵਾਨਾਂ ਦੇ ਬਾਣੀ ਦੇ ਨਿਤਨੇਮ, ਪਾਠ, ਭਜਨ ਛੁਡਾ ਦਿਤੇ। ਮੇਰੇ ਪਾਸ ਕਈ ਅਲ੍ਹੜ, ਸੁਬਕ, ਸ਼ਰਧਕ ਸ਼ਿੱਖ ਨੌਜੁਆਨਾਂ ਨੇ ਤਸਲੀਮ ਕੀਤਾ ਕਿ ਪ੍ਰੀਤ ਲੜੀ ਦੀ ਸਿਖਿਆ ਨੇ ਹੀ ਉਨ੍ਹਾਂ ਤੋਂ ਬਾਣੀ ਦਾ ਨਿਤਨੇਮ ਪਾਠ ਛੁਡਾਇਆ ਹੈ। ਇਸ ਜ਼ਹਿਰੀਲੇ ਅਸਰ ਤੋਂ ਚੁਕੰਨੇ ਹੋ ਕੇ ਹੀ ਸਮੂਚੇ ਸਿੱਖ ਪ੍ਰੈਸ ਨੇ ਪ੍ਰੀਤ ਲੜੀ ਦੀ ਬਿਖ ਭਰੀ ਸਿਖਸ਼ਾਂ ਨੂੰ ਸੋਧਣ ਲਈ ਕਲਮ ਉਠਾਈ। ਜਿਥੇ ਉਹ ਆਪਣੇ ਆਪ ਨੂੰ ਭਜਨ ਪਾਠ ਦਾ ਹਾਮੀ ਜਾਂ ਵਿਰੋਧੀ ਜਾਂ ਨਾ-ਵਿਰੋਧੀ ਸਿਧ ਕਰਦੇ ਹਨ, ਐਨ ਓਥੇ ਹੀ ਇਹ ਭਜਨ ਪਾਠ ਦੇ ਵਿਰੁਧ ਲਿਖਦੇ ਹਨ।

["ਸ਼ੰਕਿਆਂ ਦੇ ਉੱਤਰ" ਟ੍ਰੈਕਟ ਵਿਚੋਂ



www.AKJ.Org

# ਚਾਲੀ ਮੁਕਤੇ

[ ਡਾਕਟਰ ਜਸਵੰਤ ਸਿੰਘ ਜੀ ਨੇਕੀ ]

ਭਾਰਤੀ ਧਰਮ-ਪਰੰਪਰਾ ਵਿਚ 'ਮੁਕਤਾ' ਉਸ ਨੂੰ ਕਹਿੰਦੇ ਹਨ ਜੋ ਅਸਤਿਤਵਪਰਕ ਬੰਧਨਾਂ ਤੋਂ ਆਜ਼ਾਦ ਹੋ ਗਿਆ ਹੋਵੇ। ਮਨੁੱਖੀ ਹੋਂਦ ਨਾਲ ਜੁੜੇ ਹੋਏ ਇਹ ਬੰਧਨ ਜਨਮ ਮਰਨ ਦੇ, ਮੋਹ ਮਾਇਆ ਦੇ, ਦੁੱਖ ਸੁਖ ਆਦਿ ਦੇ ਬੰਧਨ ਹਨ। ਜਿਹਨਾਂ ਤੋਂ ਛੁਟਕਾਰੇ ਦਾ ਨਾਮ ਮੁਕਤੀ ਹੈ ਤੇ ਐਸੀ ਮੁਕਤੀ ਪ੍ਰਾਪਤ ਕਰਨ ਵਾਲੇ ਮੁਕਤੇ ਕਹਾਉਂਦੇ ਹਨ।

ਸਿਖ ਧਰਮ ਵਿਚ ਮੁਕਤੀ ਦਾ ਮੁਖ ਸਾਧਨ ਆਤਮ-ਸਮਰਪਨ[1] ਹੈ-ਆਪਣੇ ਆਪੇ ਵਲੋਂ ਮਰ ਜਾਣ ਦਾ[2]। ਇਹ ਆਤਮ-ਸਮਰਪਨ ਵਾਹਿਗੁਰੂ ਦੀ ਯਾਦ ਵਿਚ ਰਹਿਣ ਦਾ[3], ਸਤਿਗੁਰੂ ਦੇ ਬਚਨਾਂ ਤੋਂ ਵਾਰਨੇ ਜਾਣ ਦਾ[4], ਆਪਣੇ ਅੰਦਰ ਪਿਆਰ ਤੇ ਨਿਮ੍ਰਤਾ ਵਸਾਉਣ ਵਾਲਾ[5], ਧਰਮ ਦੀ ਖ਼ਾਤਰ ਆਪਾ ਵਾਰਨ ਵਾਲਾ[6], ਜਾਂ ਫਿਰ ਆਪਣੀ ਬੇਮੁਖਤਾ ਤੋਂ ਪਛਤਾ ਕੇ ਮੁੜ ਸ਼ਰਨ ਆਉਣ ਵਾਲਾ[7], ਕਿਸੇ ਵੀ ਪ੍ਰਕਾਰ ਦਾ ਆਤਮ-ਸਮਰਪਨ ਹੋ ਸਕਦਾ ਹੈ। ਕਿਸੇ ਮੁਕਤੇ ਨੂੰ ਸੇਵ ਕੇ ਹੀ ਪ੍ਰਾਣੀ ਮੁਕਤ ਹੋ ਸਕਦਾ ਹੈ।[8]

ਅਰਦਾਸ ਵਿਚ ਜਿਨ੍ਹਾਂ ਚਾਲੀ ਮੁਕਤਿਆਂ ਨੂੰ ਸ਼ਰਧਾਂਜਲੀ ਅਰਪਨ ਕੀਤੀ ਜਾਂਦੀ ਹੈ, ਉਹ ਮੁਕਤੇ ਹਨ, ਜੋ ਆਤਮ-ਸਮਰਪਨ ਦੀਆਂ ਸਿਖਰਾਂ ਨੂੰ ਛੂੰਹਦਿਆਂ ਮੁਕਤੀ-ਦਾਤੇ ਸਤਿਗੁਰੂ ਤੋਂ ਆਪਣੀਆਂ ਜਾਨਾਂ ਵਾਰ ਗਏ।

ਪਹਿਲੇ ਚਾਲੀ ਮੁਕਤੇ ਉਹ ਸਿੰਘ ਸਨ ਜੋ ਚਮਕੌਰ ਦੀ ਗੜ੍ਹੀ ਵਿਚ ਦਸ ਲੱਖ ਫ਼ੌਜ ਦਾ ਟਾਕਰਾ ਕਰਦੇ ਸ਼ਹੀਦ ਹੋਏ।[9] ਇਹ ਸਿੰਘ ਲਗਾਤਾਰ ਕਈ ਦਿਨਾਂ ਤੋਂ ਭਿੜੇ ਭੁਖੇ; ਕੇਵਲ ਸਿਦਕ ਤੇ ਸਿਰੜ ਦੇ ਸਿਰ ਤੇ ਲੜਦੇ ਰਹੇ। ਅਥਾਹ ਮੁਗ਼ਲ ਫ਼ੌਜ ਨੇ ਇਸ ਗੜ੍ਹੀ ਦਾ ਬੜਾ ਸਖ਼ਤ ਮੁਹਾਸਰਾ ਘੱਤਿਆ ਹੋਇਆ ਸੀ। ਸਮੁੰਦਰ ਦੀਆਂ ਛਲਾਂ ਵਾਂਗ ਉਹ ਬਾਰ ਬਾਰ ਗੜ੍ਹੀ ਉਤੇ ਧਾਵਾ ਬੋਲਦੇ। ਪਰ ਸਿੰਘਾਂ ਦੇ ਜਵਾਬੀ ਤੀਰਾਂ ਨਾਲ ਟਕਰਾ ਕੇ ਸਮੁੰਦਰ ਦੀਆਂ ਛਲਾਂ ਵਾਂਗ ਹੀ ਵਾਪਸ ਪਰਤ ਜਾਂਦੇ। ਵਿਚ ਵਿਚ ਸਿੰਘਾਂ ਦੇ ਜੱਥੇ ਗੜ੍ਹੀ ਤੋਂ ਬਾਹਰ ਆ ਕੇ ਵੀ ਦੁਸ਼ਮਨ ਦੇ ਆਹੂ ਲਾਹੁੰਦੇ ਤੇ ਕਰੜੇ ਹੱਥ ਦਿਖਾਉਂਦੇ ਸ਼ਹੀਦੀਆਂ ਪ੍ਰਾਪਤ ਕਰ ਜਾਂਦੇ। ਦੋਵੇਂ ਵੱਡੇ ਸਾਹਿਬਜ਼ਾਦੇ-ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਇਵੇਂ ਹੀ ਸੂਰਮਗਤੀ ਨੂੰ ਪ੍ਰਾਪਤ ਹੋਏ। ਸਾਹਿਬਜ਼ਾਦਿਆਂ ਦੀ ਸ਼ਹੀਦੀ ਮਗਰੋਂ ਕਲਗੀਧਰ ਪਾਤਸ਼ਾਹ ਨੂੰ ਗੜ੍ਹੀ ਵਿਚ ਬਚ ਰਹੇ ਸਿੰਘਾਂ ਦੀ ਪ੍ਰਤਿਨਿਧਤਾ ਕਰਦੇ ਪੰਜਾਂ ਸਿੰਘਾਂ ਨੇ ਗੜ੍ਹੀ ਛੋੜ ਕੇ ਨਿਕਲ ਜਾਣ ਦਾ 'ਹੁਕਮ' ਦਿੱਤਾ। ਸਤਿਗੁਰੂ ਜੀ ਦੁਸ਼ਮਨ ਨੂੰ ਵੰਗਾਰਦੇ ਨਿਕਲੇ ਤਾਂ ਇਹਨਾਂ ਸਿੰਘਾਂ ਨੇ ਧੌਂਸਿਆਂ ਦੀ ਵੰਗਾਰ ਮਚਾ ਦਿੱਤੀ ਤੇ ਦੁਸ਼ਮਨ ਨੂੰ ਇਕ ਵਾਰ ਤਾਂ ਸ਼ਸ਼ੋਪੰਜ ਵਿਚ ਪਾ ਦਿੱਤਾ। ਪਰ ਅਨਗਿਣਤ ਮੁਲਖਈਏ ਅੱਗੇ ਗਿਣਤੀ ਦੇ ਸਿੰਘ ਕਿਤਨਾ ਚਿਰ ਨਿਭ ਸਕਦੇ ਸਨ? ਅੰਤ

---

੧. ਮੁਕਤਿ ਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ। —ਮਲਾਰ ਮ: ੩ (੧੨੭੬/੫)

੨. ਜੀਵਤੁ ਮਰੈ ਮਰੈ ਫੁਨਿ ਜੀਵੈ ਤਾਂ ਮੋਖੰਤਰੁ ਪਾਏ। —ਬਿਹਾਗੜਾ ਵਾਰ ਮ: ੪ (੫੫੦/੩)

੩. ਮੁਕਤੇ ਰਮਣ ਗੋਬਿੰਦਹ। —ਗਾਥਾ ਮ: ੫ (੧੩੬੦/੧੭)

੪. ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ। —ਰਾਮਕਲੀ ਮ: ੧ (੯੪੧-੪੨/੧੯)

੫. ਭਾਉ ਭਗਤਿ ਕਰਿ ਨੀਚੁ ਸਦਾਏ। ਤਉ ਨਾਨਕ ਮੋਖੰਤਰ ਪਾਏ। —ਵਾਰ ਆਸਾ, ਮ: ੧ (੪੭੦/੯)

੬. ਸੀਸੁ ਦੀਆ ਪਰ ਸਿਰਰੁ ਨ ਦੀਆ। —ਬਚਿਤ੍ਰ ਨਾਟਕ, ਅਧਿ: ੫, ੧੩-੪

੭. ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ। ਪਾਵੈ ਮੁਕਤਿ ਨ ਹੋਰਥੈ ਕੋਈ ਪੁਛਹੁ ਬਿਬੇਕੀਆ ਜਾਏ। ...ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ। —ਰਾਮਕਲੀ ਮ: ੩ (੯੨੦/੧)

੮. ਮੁਕਤੇ ਸੇਵੇ ਮੁਕਤਾ ਹੋਵੈ। —ਮਾਝ ਮ: ੩ (੧੧੬/੧੧)

੯. ਗਰਸਨਹ ਚਿ ਕਾਰੇ ਕੁਨਦ ਚਿਹਲ ਨਰ, ਕਿ ਦਹ ਲਖ ਬਰਾਇਦ ਬਰੋ ਬੇਖ਼ਬਰ ? —ਜ਼ਫ਼ਰਨਾਮਾ, ੧੯



www.AKJ.Org

ਇਕ ਇਕ ਕਰ ਕੇ ਸਾਰੇ ਦੇ ਸਾਰੇ ਸੂਰਮਗਤੀ ਨੂੰ ਪ੍ਰਾਪਤ ਹੋ ਗਏ।(੧੦)

ਇਹਨਾਂ ਤੋਂ ਮਗਰੋਂ ਚਾਲੀ ਮੁਕਤੇ ਹੋਰ ਵੀ ਹੋਏ। ਇਹ ਮਾਝੇ ਦੇ ਉਹ ਸਿੰਘ ਸਨ, ਜੋ ਅਨੰਦਪੁਰ ਦੇ ਮੁਹਾਸਰੇ ਵੇਲੇ ਦਿੱਲ ਛੱਡ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਲਿਖ ਕੇ ਦੇ ਆਏ ਸਨ ਕਿ "ਤੂੰ ਸਾਡਾ ਗੁਰੂ ਨਹੀਂ, ਤੇ ਅਸੀਂ ਤੇਰੇ ਸਿਖ ਨਹੀਂ।" ਪਤਾ ਨਹੀਂ ਕਿਹੜੇ ਕਮਜ਼ੋਰ ਛਿਨ ਉਹ ਇਹ ਬੇਦਾਵਾ ਲਿਖ ਆਏ ਸਨ। ਉਹਨਾਂ ਦੀ ਆਤਮਾ ਵਿਚ ਤਾਂ ਸਤਿਗੁਰੂ ਦੀ ਯਾਦ ਅਜੇ ਵੀ ਕਾਇਮ ਸੀ। ਸ਼ਾਇਦ ਲੰਮੀ ਭੁੱਖ ਦੀ ਬੇਵੱਸੀ ਨਹੀਂ ਸਨ ਝਲ ਸਕੇ। ਸ਼ਾਇਦ ਅਵਿਰਲ ਘਮਸਾਨ ਕਰਦਿਆਂ ਥੱਕ ਗਏ ਸਨ। ਇਹ ਕਮਜ਼ੋਰ ਸਨ, ਕਠੋਰ ਨਹੀਂ ਸਨ। ਸ਼ਾਇਦ ਕਮਜ਼ੋਰੀ ਤੇ ਥਕਾਵਟ ਇਹਨਾਂ ਤੇ ਹਾਵੀ ਹੋ ਗਈ ਸੀ। ਸੋ ਕਮਜ਼ੋਰੀ ਦੇ ਕਿਸੇ ਛਿਨ ਗੁਰੂ ਨੂੰ ਬੇਦਾਵਾ ਦੇ ਕੇ ਨਿਕਲ ਆਏ ਸਨ। ਦੁਸ਼ਮਨ ਨੇ ਵੀ ਬੇਦਾਵਾ ਲਿਖਣ ਵਾਲਿਆਂ ਨੂੰ ਰਾਹ ਦੇ ਦਿੱਤਾ ਸੀ। ਜਦੋਂ ਉਹ ਘਰੀਂ ਪਹੁੰਚੇ ਤਾਂ ਘਰਦਿਆਂ ਨੇ ਬੂਹੇ ਨ ਟੱਪਣ ਦਿੱਤੇ। "ਆ ਗਏ ਓ ਆਪਣੇ ਗੁਰੂ ਨੂੰ ਪਿੱਠ ਦੇ ਕੇ ?" ਉਹਨਾਂ ਦੀਆਂ ਘਰ ਵਾਲਿਆਂ ਨੇ ਲਾਅਨਤਾਂ ਪਾਉਂਦਿਆਂ ਆਖਿਆ, "ਤੁਸੀਂ ਘਰੀਂ ਚੂੜੀਆਂ ਪਹਿਨ ਕੇ ਬੈਠੋ, ਅਸੀਂ ਜਾਨੀਆਂ ਸਤਿਗੁਰੂ ਨੂੰ ਸੀਸ ਦੇਣ ! ਇਹ ਜਾਨਾਂ ਜਿਹੜੀਆਂ ਬਚਾ ਲਿਆਏ ਓ, ਕਦੋਂ ਤੀਕ ਤੁਹਾਡੇ ਨਾਲ ਨਿਭਣਗੀਆਂ ?"

ਘਰਾਂ ਤੋਂ ਫਿਟਕਾਰਿਆਂ ਨੂੰ ਮਾਤਾ ਭਾਗ ਭਰੀ ਵਾਪਸ ਗੁਰੂ-ਚਰਨਾਂ ਵਲ ਲੈ ਤੁਰੀ।

ਓਸੇ ਸਮੇਂ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਦੇ ਜੰਗਲ 'ਚੋਂ ਹੋ, ਜੱਟ ਪੁਰੇ ਹੁੰਦੇ ਹੋਏ, ਫ਼ੀਰੋਜ਼ਪੁਰ ਵਾਲੇ ਪਾਸੇ ਨੂੰ ਤੁਰ ਪਏ ਸਨ। ਸ਼ਾਹੀ ਫ਼ੌਜਾਂ ਉਹਨਾਂ ਦਾ ਖੁਰਾ ਨੱਪਦੀਆਂ ਫਿਰਦੀਆਂ ਸਨ। ਇਹਨਾਂ ਫ਼ੌਜਾਂ ਦੇ, ਪਿਛੋਂ ਤੁਰੇ ਆਉਣ ਦੀ ਇਹਨਾਂ ਬੇਦਾਵੀਏ ਸਿੱਖਾਂ ਨੂੰ ਭਿਣਕ ਪੈ ਗਈ। ਖਿਦਰਾਣੇ ਦੀ ਢਾਬ ਦੇ ਕੰਢੇ ਇਹਨਾਂ ਨੇ ਤੁਰੀ ਆਉਂਦੀ ਵੈਰੀ ਫ਼ੌਜ ਨੂੰ ਰਸਤੇ ਵਿਚ ਰੋਕਣ ਦਾ ਫ਼ੈਸਲਾ ਕਰ ਲਿਆ। ਆਪਣੀਆਂ ਚਾਦਰਾਂ ਲਾਹ ਕੇ ਉਹਨਾਂ ਬਿਰਛਾਂ ਉਤੇ ਟੰਗ ਦਿੱਤੀਆਂ। ਦੂਰੋਂ ਇਉਂ ਜਾਪਣ ਲਗਾ ਜਿਵੇਂ ਕੋਈ ਫ਼ੌਜ ਓਥੇ ਤੰਬੂ ਤਾਣੇ ਡੇਰੇ ਲਾਈ ਬੈਠੀ ਹੋਵੇ। ਆਪ ਉਹ ਐਸੇ ਟਿਕਾਣੇ ਮਲ ਕੇ ਬੈਠ ਗਏ, ਜਿਥੋਂ, ਆ ਰਹੀ ਫ਼ੌਜ ਉਤੇ ਪੂਰੇ ਜਲਾਲ ਨਾਲ ਹਮਲਾ ਕਰ ਸਕਣ। ਵੈਰੀਆਂ ਦੀ ਵਹੀਰ ਆਈ, ਪਰ ਇਹਨਾਂ ਦੇ ਹੱਲੇ ਅੱਗੇ ਕੁਝ ਖ਼ਤਮ ਹੋ ਗਈ, ਕੁਝ ਤਿੱਤਰ ਬਿੱਤਰ ਹੋ ਗਈ। ਪਰ ਇਹ ਚਾਲੀ ਦੇ ਚਾਲੀ ਸਿੰਘ ਵੀ ਗੁਰੂ ਦੀ ਖ਼ਾਤਰ ਸ਼ਹੀਦ ਹੋ ਗਏ।(੧੧)

ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਲੜਾਈ ਦੀ ਸੂਹ ਮਿਲ ਗਈ। ਉਹ ਵੀ ਉਥੇ ਆਣ ਪੁੱਜੇ। ਇਹਨਾਂ ਸਿੰਘਾਂ ਦੀ ਸੂਰਮਗਤੀ ਤੇ ਕੁਰਬਾਨੀ ਕਾਰਨ ਬਹੁਤ ਦ੍ਰਵੇ। ਇਕ ਇਕ ਦਾ ਸਿਰ ਉਹਨਾਂ ਆਪਣੀ ਗੋਦੀ ਵਿਚ ਲਿਆ, ਇਕ ਇਕ ਦਾ ਮੱਥਾ ਚੁੰਮਿਆ ਤੇ ਖ਼ਿਤਾਬ ਦਿੱਤੇ, "ਇਹ ਮੇਰਾ ਪੰਜ ਹਜ਼ਾਰੀ; ਇਹ ਮੇਰਾ ਦਸ ਹਜ਼ਾਰੀ; ਇਹ ਮੇਰਾ......"। ਜਦ ਉਹਨਾਂ ਦੇ ਜਥੇਦਾਰ ਮਹਾਂ ਸਿੰਘ ਕੋਲ ਸਤਿਗੁਰੂ ਜੀ ਪਹੁੰਚੇ ਤਾਂ ਕੀ ਵੇਖਦੇ ਹਨ; ਉਸ ਦੇ ਪ੍ਰਾਣ ਅਜੇ ਚਲ ਰਹੇ ਹਨ। ਗੁਰੂ ਜੀ ਨੇ ਉਸ ਦਾ ਸਿਰ ਵੀ ਆਪਣੀ ਗੋਦ ਵਿਚ ਲਿਆ, ਮੂੰਹ ਵਿਚ

---

੧੦. ਇਹਨਾਂ ਚਾਲੀ ਮੁਕਤਿਆਂ ਦੇ ਨਾਮ ਇਹ ਸਨ : ਸਹਜ ਸਿੰਘ, ਸਰਦੂਲ ਸਿੰਘ, ਸਰੂਪ ਸਿੰਘ, ਸਾਹਿਬ ਸਿੰਘ, ਸੁਜਾਨ ਸਿੰਘ, ਸ਼ੇਰ ਸਿੰਘ, ਸੇਵਾ ਸਿੰਘ, ਸੰਗੋ ਸਿੰਘ, ਸੰਤ ਸਿੰਘ, ਹਰਦਾਸ ਸਿੰਘ, ਹਿੰਮਤ ਸਿੰਘ, ਕਰਮ ਸਿੰਘ, ਕ੍ਰਿਪਾਲ ਸਿੰਘ, ਖੜਗ ਸਿੰਘ, ਗੁਰਦਾਸ ਸਿੰਘ, ਗੁਰਦਿੱਤ ਸਿੰਘ, ਗੁਲਾਬ ਸਿੰਘ, ਗੰਗਾ ਸਿੰਘ, ਗੰਡਾ ਸਿੰਘ, ਚੜ੍ਹਤ ਸਿੰਘ, ਜਵਾਹਰ ਸਿੰਘ, ਜੈਮਲ ਸਿੰਘ, ਜ੍ਵਾਲਾ ਸਿੰਘ, ਝੰਡਾ ਸਿੰਘ, ਟੇਕ ਸਿੰਘ, ਠਾਕੁਰ ਸਿੰਘ, ਤ੍ਰਿਲੋਕ ਸਿੰਘ, ਦਯਾਲ ਸਿੰਘ, ਦਾਮੋਦਰ ਸਿੰਘ, ਨਰਾਯਣ ਸਿੰਘ, ਨਿਹਾਲ ਸਿੰਘ, ਪੰਜਾਬ ਸਿੰਘ, ਪ੍ਰੇਮ ਸਿੰਘ, ਬਸਾਵਾ ਸਿੰਘ, ਬਿਸ਼ਨ ਸਿੰਘ, ਭਗਵਾਨ ਸਿੰਘ, ਮਤਾਬ ਸਿੰਘ, ਮੁਹਕਮ ਸਿੰਘ, ਰਣਜੀਤ ਸਿੰਘ, ਰਤਨ ਸਿੰਘ। (ਕਾਨ੍ਹ ਸਿੰਘ : ਮਹਾਨ ਕੋਸ਼)।

੧੧. ਇਹਨਾਂ ੪੦ ਸ਼ਹੀਦਾਂ ਦੇ ਨਾਮ ਇਹ ਸਨ :
ਸਮੀਰ ਸਿੰਘ, ਸਰਜਾ ਸਿੰਘ, ਸਾਧੂ ਸਿੰਘ, ਸੁਹੇਲ ਸਿੰਘ, ਸੁਲਤਾਨ ਸਿੰਘ, ਸੋਭਾ ਸਿੰਘ, ਸੰਤ ਸਿੰਘ, ਹਰਸਾ ਸਿੰਘ, ਹਰੀ ਸਿੰਘ, ਕਰਨ ਸਿੰਘ, ਕਰਮ ਸਿੰਘ, ਕਾਲ੍ਹਾ ਸਿੰਘ, ਕੀਰਤਿ ਸਿੰਘ, ਕ੍ਰਿਪਾਲ ਸਿੰਘ, ਖੁਸ਼ਾਲ ਸਿੰਘ, ਗੁਲਾਬ ਸਿੰਘ, ਗੰਗਾ ਸਿੰਘ, ਗੰਡਾ ਸਿੰਘ, ਘਰਬਾਰਾ ਸਿੰਘ, ਚੰਬਾ ਸਿੰਘ, ਜਾਦੋ ਸਿੰਘ, ਜੋਗਾ ਸਿੰਘ, ਜੰਗ ਸਿੰਘ, ਦਯਾਲ ਸਿੰਘ, ਦਰਬਾਰਾ ਸਿੰਘ, ਦਿਲਬਾਗ ਸਿੰਘ, ਧਰਮ ਸਿੰਘ, ਧੰਨਾ ਸਿੰਘ, ਨਿਹਾਲ ਸਿੰਘ, ਨਿਧਾਨ ਸਿੰਘ, ਬੂੜ ਸਿੰਘ, ਭਾਗ ਸਿੰਘ, ਭੋਲਾ ਸਿੰਘ, ਭੰਗਾ ਸਿੰਘ, ਮਹਾ ਸਿੰਘ, ਮੱਜਾ ਸਿੰਘ, ਮਾਨ ਸਿੰਘ, ਮੈਯਾ ਸਿੰਘ, ਰਾਇ ਸਿੰਘ, ਲਛਮਣ ਸਿੰਘ। ਕਾਨ੍ਹ ਸਿੰਘ : ਮਹਾਨ ਕੋਸ਼)



www.AKJ.Org

ਪਾਣੀ ਪਾਇਆ ਤਾਂ ਉਸ ਨੂੰ ਰਤਾ ਸੁਰਤ ਆਈ। ਤਦ ਗੁਰੂ ਜੀ ਨੇ ਉਸ ਦੇ ਮਸਤਕ ਤੇ ਹੱਥ ਫੇਰਿਆ ਤੇ ਅਸੀਸਾਂ ਦੇਂਦਿਆਂ ਉਸਦਾ ਨਾਮ ਪੁਕਾਰਿਆ। ਉਹ ਬੱਚਿਆਂ ਵਾਂਗ ਰੋ ਪਿਆ। ਗੁਰੂ ਜੀ ਨੇ ਅਨੰਤ ਮੇਹਰ ਵਿਚ ਆ ਕੇ ਬਚਨ ਕੀਤਾ, "ਮਹਾਂ ਸਿੰਘ ਜੀ, ਕੁਝ ਮੰਗ ਲਵੋ! ਅੱਜ ਜੋ ਕੁਝ ਮੰਗੋਗੇ, ਮਿਲੇਗਾ।" ਮਹਾਂ ਸਿੰਘ ਅੱਗੋਂ ਅਤਿ ਮਸੂਮ ਸ਼ੁਕਰਾਨੇ ਵਿਚ ਡੁਬ-ਡੁਬਾਉਂਦੀਆਂ ਅੱਖਾਂ ਨਾਲ ਬੋਲਿਆ, "ਸੱਚੇ ਪਾਤਸ਼ਾਹ, ਜੇ ਤੁੱਠੇ ਹੋ ਤਾਂ ਸਾਡਾ ਲਿਖਿਆ ਬੇਦਾਵਾ ਪਾੜ ਦਿਓ।" ਸਤਿਗੁਰੂ ਜੀ ਨੇ ਕਿਹਾ, "ਮਹਾਂ ਸਿੰਘ ਜੀ, ਕੁਝ ਹੋਰ ਵੀ ਮੰਗ ਲਓ।" ਮਹਾਂ ਸਿੰਘ ਜੀ ਬੋਲੇ, "ਦਾਤਾਰ ਪਾਤਸ਼ਾਹ, ਬੱਸ ਟੁੱਟੀ ਗੰਢ ਦਿਓ।" ਸਤਿਗੁਰਾਂ ਨੇ ਕਮਰਕਸੇ ਵਿਚ ਸਾਂਭਿਆ ਬੇਦਾਵਾ ਕਢਿਆ। ਪਾੜ ਕੇ ਉਸ ਦੇ ਪੁਰਜ਼ੇ ਹਵਾ ਵਿਚ ਉਡਾ ਦਿੱਤੇ। ਮਹਾਂ ਸਿੰਘ ਨੇ ਸ਼ੁਕਰਾਨੇ ਵਿਚ ਸਤਿਗੁਰਾਂ ਦੇ ਚਰਨ ਚੁੰਮ ਲਏ ਤੇ ਫਿਰ ਆਪਣੇ ਮੇਹਰਬਾਨ ਸਤਿਗੁਰੂ ਦੀ ਗੋਦ ਵਿਚ ਹੀ ਪ੍ਰਾਣ ਤਿਆਗ ਗਿਆ। ਸਤਿਗੁਰਾਂ ਨੇ ਮਹਾਂ ਸਿੰਘ ਦੇ ਸਮੱਸਤ ਸ਼ਹੀਦ ਜੱਥੇ ਨੂੰ ਮੁਕਤਿਆਂ ਦਾ ਖ਼ਿਤਾਬ ਦਿੱਤਾ।

ਮਾਤਾ ਭਾਗੋ ਜੀ ਬਚ ਰਹੇ ਸਨ। ਉਹ ਗੁਰੂ ਜੀ ਦੀਆਂ ਫ਼ੌਜਾਂ ਦੇ ਨਾਲ ਹੀ ਹਜ਼ੂਰ ਸਾਹਿਬ ਨੂੰ ਚਲੇ ਗਏ।

ਕਈ ਵਾਰ ਪੁਛਿਆ ਜਾਂਦਾ ਹੈ, 'ਅਰਦਾਸ ਵਿਚ ਕਿਹੜੇ ਮੁਕਤਿਆਂ ਨੂੰ ਸਿਮਰਦੇ ਹਾਂ--ਚਮਕੌਰ ਵਾਲੇ ਕਿ ਮੁਕਤਸਰ ਵਾਲੇ?' ਇਸ ਪ੍ਰਸ਼ਨ ਦਾ ਉੱਤਰ ਬੜਾ ਸੌਖਾ ਹੈ: ਜੇ ਇਕ ਯਾਦ ਆ ਜਾਣ ਤਾਂ ਮੁਬਾਰਕ; ਜੇ ਦੂਜੇ ਯਾਦ ਆ ਜਾਣ ਤਾਂ ਵੀ ਮੁਬਾਰਕ; ਤੇ ਜੇਕਰ ਦੋਵੇਂ ਯਾਦ ਆ ਜਾਣ ਤਾਂ ਹੋਰ ਵੀ ਮੁਬਾਰਕ। ਉਹ ਵੀ ਮੁਬਾਰਕ ਜੋ ਸ਼ਹੀਦੀਆਂ ਪਾ ਗਏ, ਉਹ ਵੀ ਜੋ ਸ਼ਹੀਦੀ ਰਾਹੀਂ ਟੁੱਟੀ ਗੰਢਵਾ ਗਏ।

---

## ਰੁਬਾਈਆਂ

[ਗਿ: ਗੋਪਾਲ ਸਿੰਘ ਜੀ 'ਮਿੱਤਰ']

ਗੁਰੂ ਨਾਨਕ-ਥੀਊਰੀ ਦੇ ਅੰਦਰ, ਮਜ਼ਹਬ ਧਰਮ ਦਾ ਲੇਖਾ ਕੋਈ ਨਹੀਂ।
ਇਸ ਵਿਚਾਰ-ਧਾਰਾ ਵਿਚ 'ਮਿੱਤਰ', ਵਿਥ ਵਿਤਕਰ ਦੀ ਰੇਖਾ ਕੋਈ ਨਹੀਂ।
ਨਿਰਮਲ ਕਰਮ ਭਗਤੀ ਸਿਮਰਨ ਹੈ, ਜੀਵਨ ਲਈ ਸਪਸ਼ਟ ਉਪਦੇਸ਼;
ਉਸ ਦੀ ਰੱਬੀ ਬਾਣੀ ਪੜ੍ਹ ਕੇ, ਰਹਿੰਦਾ ਭਰਮ-ਭੁਲੇਖਾ ਕੋਈ ਨਹੀਂ।

ਉਹ ਫ਼ੁਰਮਾਵੇ ਰੱਬ ਨੇ ਪੈਦਾ ਕੀਤੇ ਨੇ ਇੱਕੋ ਜਹੇ ਸਾਰੇ।
ਵਰਨ-ਵੰਡ ਤੇ ਛੂਤ-ਛਾਤ ਦੇ ਬਾਬੇ ਸਾਰੇ ਪਾਜ ਉਘਾੜੇ।
"ਏਕੁ ਪਿਤਾ ਏਕਸ ਕੇ ਹਮ ਬਾਰਿਕ", ਹੈ ਗਿਆਨ ਦਾ ਤੱਤ ਨਿਚੋੜ;
ਸੁਣ ਕੇ ਭੇਦ-ਭਾਵ ਨਸ ਜਾਂਦੇ, 'ਮਿੱਤਰ' ਜਿਉਂ ਦਿਨ ਚੜ੍ਹਿਆਂ ਤਾਰੇ।

ਉਸ ਨੇ ਪਾਪ-ਅਗਨਿ ਵਿਚ ਸੜਦੇ, ਕੱਢੇ ਨਾਮ ਦੀ ਛਹਿਬਰ ਲਾ ਕੇ।
ਉਸ ਨੇ ਜੀਂਦਾ ਜੀਵਨ ਦਿੱਤਾ, ਸੁੱਤੀਆਂ ਸੁਰਤਾਂ ਤਾਈਂ ਜਗਾ ਕੇ।
ਕੁਸ਼ਟੀ, ਕੋੜ੍ਹੀ, ਪਾਪੀ, ਪਾਮਰ, ਚੋਰ, ਧਾੜਵੀ, ਜਾਤ-ਅਭਿਮਾਨੀ;
ਉਸ ਨੇ ਖੇਵਟ ਬਣ ਕੇ ਤਾਰੇ, ਲੱਖਾਂ ਨਾਮ-ਜਹਾਜ਼ ਚੜ੍ਹਾ ਕੇ।

ਉਸ ਦੇ ਪੈਰ ਚਿੰਨ੍ਹਾਂ ਤੇ ਤੁਰਿਆਂ, ਮੁਕ ਜਾਂਦੇ ਸਭ ਝਗੜੇ ਝੇੜੇ।
ਦਿੱਸੇ ਸਭ ਸੰਸਾਰ ਆਪਣਾ, ਸਦਾ ਲਈ ਮਿਟ ਜਾਣ ਬਖੇੜੇ।
ਬੀਤੇ ਜੀਵਨ ਖੇੜੇ ਤੇ ਉਤਸ਼ਾਹ ਨਾਲ ਰਸ ਭਰਿਆ;
ਆਵੇ ਕੋਈ ਸੁਆਦ ਅਗੰਮੀ, ਅੰਦਰ ਰਸ-ਝਰਨਾਟਾਂ ਛੇੜੇ।

ਵੱਖੋ ਵੱਖ ਉਲੀਕੇ ਵੱਖ ਮੱਤਾਂ ਨੇ ਵੇਹਲੇ ਗੋਰਖ-ਧੰਦੇ।
ਪੜ੍ਹ ਪੜ੍ਹ ਕੇ ਇਕ ਦੂਜੇ ਕੋਲੋਂ, ਵਿਛੜ ਰਹੇ ਨੇ ਜਗ ਦੇ ਬੰਦੇ।
ਇਹ ਵਖਰਾ-ਪਨ ਮੇਟਣ ਦੇ ਲਈ, ਗੁਰੂ-ਬਾਣੀ ਨੇ ਇਉਂ ਫ਼ੁਰਮਾਇਆਂ;
ਕੁਦਰਤ ਦੇ ਨੇ ਬੰਦੇ ਸਾਰੇ, ਦੱਸੋ "ਕਉਨ ਭਲੇ ਕੋ ਮੰਦੇ"॥

www.AKJ.Org

# ਖ਼ਾਲਸਾ ਕੁਰਬਾਨੀ ਦੇ ਚਾਉ ਵਿਚ ਮੁਸੀਬਤ ਨੂੰ ਵੰਗਾਰਦਾ ਹੈ

[ਸ: ਕਰਮ ਸਿੰਘ ਜੀ ਹਿਸਟੋਰੀਅਨ]

ਖ਼ਾਲਸੇ ਦਾ ਜਨਮ ਮੁਸੀਬਤ ਸਮੇਂ ਹੋਇਆ ਸੀ, ਇਸ ਲਈ ਖ਼ਾਲਸਾ ਕਦੇ ਮੁਸੀਬਤ ਤੋਂ ਨਹੀਂ ਘਬਰਾਇਆ। ਸਮੇਂ ਦਾ ਕੰਮ ਹੈ, ਆਉਂਦਾ ਹੈ ਅਤੇ ਤੁਰਿਆ ਜਾਂਦਾ ਹੈ, ਸਮਾਂ ਕਦੇ ਖੜੋਤਾ ਨਹੀਂ ਰਹਿੰਦਾ। ਇਸੇ ਤਰ੍ਹਾਂ ਮੁਸੀਬਤ ਕਦੇ ਖੜੋਤੀ ਨਹੀਂ ਰਹਿ ਸਕਦੀ, ਆਉਂਦੀ ਹੈ ਅਤੇ ਤੁਰਦੀ ਜਾਂਦੀ ਹੈ।

ਇਕ ਸਿਆਣੇ ਦਾ ਕਥਨ ਹੈ ਕਿ ਜੇਕਰ ਮੁਸੀਬਤ ਨਾਲ ਮਖ਼ੌਲ ਕਰੀਏ ਤਾਂ ਮੁਸੀਬਤ ਦਾ ਅਸਰ ਘਟ ਜਾਂਦਾ ਹੈ। ਖ਼ਾਲਸੇ ਨੇ ਮੁਸੀਬਤ ਨੂੰ ਆਪਣੇ ਸਾਹਮਣੇ ਵੇਖਿਆ ਅਤੇ ਉਸ ਨਾਲ ਰੱਜ ਕੇ ਮਖ਼ੌਲ ਕੀਤਾ, ਜਿਸ ਕਰਕੇ ਖ਼ਾਲਸੇ ਉਤੇ ਮੁਸੀਬਤ ਦਾ ਰਤਾ ਅਸਰ ਨਾ ਹੋਇਆ। ਮੁਸੀਬਤ ਨੇ ਖ਼ਾਲਸੇ ਦਾ ਲੰਗਰ ਬੰਦ ਕਰ ਦਿਤਾ, ਖ਼ਾਲਸੇ ਨੇ ਲੰਗਰ ਮਸਤ ਕਰ ਦਿਤਾ। ਮੁਸੀਬਤ ਨੇ ਖ਼ਾਲਸੇ ਪਾਸੋਂ ਬਦਾਮ ਖੋਹ ਕੇ ਮੁੱਠ ਮੁੱਠ ਛੋਲੇ ਹਵਾਲੇ ਕੀਤੇ, ਖ਼ਾਲਸੇ ਨੇ ਉਸੇ ਨੂੰ ਬਦਾਮ ਬਣਾ ਲਿਆ। ਸਮੇਂ ਨੇ ਖ਼ਾਲਸੇ ਨੂੰ ਸਭ ਤਰ੍ਹਾਂ ਦੇ ਦੁੱਖ ਦਿਤੇ, ਪਰ ਖ਼ਾਲਸਾ ਸਦਾ ਚੜ੍ਹਦੀਆਂ ਕਲਾਂ ਵਿਚ ਰਿਹਾ, ਹਰ ਮੁਸੀਬਤ ਸਮੇਂ ਉਸ ਨੇ ਜੈਕਾਰਾ ਗਜਾਇਆ।......

ਖ਼ਾਲਸਾ ਮੁਸੀਬਤਾਂ ਤੋਂ ਕਦੇ ਡਰਿਆ ਨਹੀਂ, ਮੁਸੀਬਤ ਸਮੇਂ ਖ਼ਾਲਸੇ ਦਾ ਦਿਲ ਕਦੇ ਡੋਲਿਆ ਨਹੀਂ। ਹਜ਼ਾਰਾਂ ਸਿੰਘ ਸ਼ਹੀਦ ਕਰਵਾ ਕੇ ਖ਼ਾਲਸਾ ਚੜ੍ਹਦੀਆਂ ਕਲਾਂ ਵਿਚ ਰਿਹਾ ਹੈ। ਖ਼ਾਲਸੇ ਦਾ ਨਿਸਚਾ ਹੈ ਕਿ ਮੁਸੀਬਤ ਆਉਂਦੀ ਹੈ ਅਤੇ ਮੁਸੀਬਤ ਚਲੀ ਜਾਂਦੀ ਹੈ, ਪਰ ਜੋ ਸੱਚੇ ਅਸੂਲ ਦਾ ਆਸਰਾ ਲੈ ਕੇ ਇਸ ਮੁਸੀਬਤ ਨੂੰ ਝਾਗ ਲੈਂਦੇ ਹਨ, ਉਹ ਆਪਣੇ ਮਨੋਰਥ ਵਿਚ ਜ਼ਰੂਰ ਕਾਮਯਾਬ ਹੁੰਦੇ ਹਨ। ਸਿਖ ਇਤਿਹਾਸ ਦਸਦਾ ਹੈ ਕਿ ਕਿਸੇ ਚੀਜ਼ ਦੀ ਪ੍ਰਾਪਤੀ ਕੁਰਬਾਨੀ ਤੋਂ ਬਿਨਾਂ ਨਹੀਂ ਹੁੰਦੀ ਅਤੇ ਕੁਰਬਾਨੀ ਜਿਤਨੀ ਵੱਡੀ ਹੋਵੇਗੀ, ਉਸ ਤੋਂ ਮਗਰੋਂ ਕਾਮਯਾਬੀ ਵੀ ਉਤਨੀ ਹੀ ਵੱਡੀ ਹੋਵੇਗੀ।......

ਸਿਖ ਦਾ ਜੀਵਨ ਸਭ ਤੋਂ ਪਹਿਲਾਂ ਧਾਰਮਿਕ ਜੀਵਨ ਹੈ ਅਤੇ ਭਾਈਚਾਰਕ ਜਾਂ ਵਿਹਾਰਕ ਜੀਵਨ ਇਸ ਤੋਂ ਮਗਰੋਂ ਹੈ। ਕੋਈ ਲਾਲਚ, ਰੁਹਬ ਜਾਂ ਡਰ ਸਿਖ ਨੂੰ ਆਪਣੇ ਧਾਰਮਿਕ ਜੀਵਨ ਤੋਂ ਟਾਲ ਨਹੀਂ ਸਕਦਾ। ਸਿੱਖਾਂ ਦਾ ਇਹ ਨਿਸਚਾ ਹੈ ਕਿ ਧਰਮ ਖ਼ਾਤਰ ਜਿਤਨੇ ਦੁੱਖ ਸਹਾਰੇ ਜਾਣ, ਉਤਨੇ ਹੀ ਧੰਨ ਭਾਗ ਹਨ। ਸਿਖ ਦੀ ਸਭ ਤੋਂ ਵੱਡੀ ਲਾਲਸਾ ਸਤਿਗੁਰੂ ਜੀ ਦੇ ਚਰਨਾਂ ਵਿਚ ਅਪੜਨ ਦੀ ਹੈ ਅਤੇ ਇਹ ਸਿੱਖਾਂ ਦਾ ਨਿਸਚਾ ਹੈ ਕਿ ਧਰਮ ਖ਼ਾਤਰ ਦੁੱਖ ਸਹਾਰਨ ਨਾਲ ਸਤਿਗੁਰੂ ਜੀ ਦੇ ਚਰਨਾਂ ਦੀ ਸਮੀਪਤਾ ਛੇਤੀ ਪ੍ਰਾਪਤ ਹੁੰਦੀ ਹੈ। ਐਥੋਂ ਤੀਕ ਕਿ ਜੋ ਸਿਖ ਧਰਮ ਖ਼ਾਤਰ ਸੀਸ ਦੇਂਦੇ ਹਨ, ਉਹ ਸਿੱਧੇ ਹੀ ਸਤਿਗੁਰੂ ਜੀ ਦੇ ਦਰਬਾਰ ਵਿਚ ਜਾਂਦੇ ਹਨ।

ਸਿੱਖਾਂ ਨੂੰ ਸ੍ਵਰਗ ਦਾ ਲਾਲਚ ਨਹੀਂ, ਸਿੱਖਾਂ ਨੂੰ ਮੁਕਤੀ ਦਾ ਲਾਲਚ ਨਹੀਂ। ਲਾਲਚ ਹੈ ਤਾਂ ਕੇਵਲ ਇਹ ਕਿ ਇਸ ਸਰੀਰ ਨੂੰ ਛਡ ਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਨਿਵਾਸ ਮਿਲੇ। ਸਿਖ ਇਸੇ ਖ਼ਾਤਰ ਨਿਤਨੇਮ ਕਰਦਾਂ, ਧਰਮ ਦੀ ਕਿਰਤ ਕਮਾਂਦਾ, ਵੰਡ ਛਕਦਾ ਅਤੇ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਇਸ ਦੁਨੀਆ ਦੇ ਅਨੇਕਾਂ ਕੁਕਰਮਾਂ ਤੋਂ ਬਚਦਾ ਹੈ। ਇਤਨਾ ਕੁਝ ਕਰ ਕੇ ਵੀ ਸਿਖ ਇਹ ਨਹੀਂ ਸਮਝਦਾ ਕਿ ਮੈਂ ਜ਼ਰੂਰ ਹੀ ਸਤਿਗੁਰੂ ਦੀ ਹਜ਼ੂਰੀ ਵਿਚ ਪੁਜ ਪਵਾਂਗਾ। ਸਗੋਂ ਉਸ ਦਾ ਨਿਸਚਾ ਹੈ ਕਿ—

ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥
ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ* ॥੧॥੫੭॥

---

*ਗਉੜੀ ਮ: ੫ ਬਾਵਨ ਅੱਖਰੀ, ਪੰਨਾ ੨੬੧

'ਸੂਰਾ' ਅੰਮ੍ਰਿਤਸਰ, ਜਨਵਰੀ ੧੯੯੧



www.AKJ.Org

ਪਰ ਹਰ ਇਕ ਸਿਖ ਦਾ ਇਹ ਪੱਕਾ ਨਿਸਚਾ ਹੈ ਕਿ ਜੇਕਰ ਧਰਮ ਖ਼ਾਤਰ ਸੀਸ ਲਗ ਜਾਵੇ, ਧਰਮ ਖ਼ਾਤਰ ਦੁੱਖ ਸਹਾਰੇ ਜਾਣ ਤਾਂ ਕਿਸੇ ਲੇਖੇ ਦੀ ਲੋੜ ਨਹੀਂ, ਸਿਖ ਸਿੱਧਾ ਹੀ ਗੁਰੂ ਦੀ ਦਰਗਾਹ ਵਿਚ ਪਹੁੰਚ ਜਾਂਦਾ ਹੈ। ਹਰ ਇਕ ਸਿਖ ਦੀਆਂ ਅੱਖਾਂ ਸਾਹਮਣੇ ਇਕ ਨਜ਼ਾਰਾ ਹੈ। ਉਹ ਕਲਗੀਧਰ ਜੀ ਦਾ ਦਰਬਾਰ ਲਗਾ ਹੋਇਆ ਵੇਖਦਾ ਹੈ, ਚਾਰੇ ਸਾਹਿਬਜ਼ਾਦੇ ਹਾਜ਼ਰ ਹਨ, ਜਿਨ੍ਹਾਂ ਦੇ ਪਿਛੇ ਭਾਈ ਮਨੀ ਸਿੰਘ ਜੀ ਖੜੇ ਹਨ। ਮਸਨਦ ਦੇ ਪਾਸ ਹੀ ਪੰਜ ਪਿਆਰੇ ਬੈਠੇ ਹਨ, ਅਤੇ ਸਤਿਗੁਰੂ ਜੀ ਦੇ ਸਾਹਮਣੇ ਹਜਾਰਾਂ, ਲੱਖਾਂ ਦੀ ਗਿਣਤੀ ਵਿਚ ਸ਼ਹੀਦ ਸਿੰਘ ਬੈਠੇ ਹਨ। ਇਸ ਦਰਬਾਰ ਦੀ ਸ਼ੋਭਾ ਐਸੀ ਖਿਚ ਵਾਲੀ ਹੈ ਕਿ ਹਰ ਇਕ ਸਿਖ ਦਾ ਦਿਲ ਉਥੇ ਪੁਜਣ ਨੂੰ ਕਰਦਾ ਹੈ।

ਇਸ ਦਰਬਾਰ ਵਿਚ ਹਰ ਕੋਈ ਨਹੀਂ ਪੁਜ ਸਕਦਾ। ਦੁਨੀਆ ਵਿਚ ਰਹਿ ਕੇ ਕੋਈ ਆਦਮੀ ਪੂਰਾ ਨਹੀਂ ਉਤਰ ਸਕਦਾ। ਪੂਰੇ ਤੋਂ ਬਿਨਾਂ ਇਥੇ ਜਾਣ ਦੀ ਆਗਿਆ ਨਹੀਂ, ਪਰ ਜੋ ਜ਼ੁਲਮ ਖ਼ਾਤਰ ਕੁਰਬਾਨੀ ਕਰਦਾ ਹੈ, ਉਹ ਇਸ ਦਰਬਾਰ ਵਿਚ ਸਿੱਧਾ ਜਾਂਦਾ ਹੈ।

ਸਿਖਾਂ ਵਿਚ ਕੁਰਬਾਨੀ ਦਾ ਮਾਦਾ ਸਭ ਤੋਂ ਵਧੀਕ ਕਿਉਂ ਹੈ? ਸਿਖ ਧਰਮ ਖ਼ਾਤਰ, ਐਡੀ ਛੇਤੀ ਜਾਨਾਂ ਵਾਰਨ ਨੂੰ ਕਿਉਂ ਤਿਆਰ ਹੋ ਜਾਂਦੇ ਹਨ? ਕੇਵਲ ਇਸ ਕਰਕੇ ਕਿ ਐਸਾ ਕਰਨਾ ਸਤਿਗੁਰੂ ਦੇ ਦਰਬਾਰ ਵਿਚ ਪੁਜਣ ਦਾ ਸੁਖਾਲਾ ਵਸੀਲਾ ਹੈ।

ਧਰਮ ਖ਼ਾਤਰ ਸੀਸ ਦੇਣ ਦਾ ਜਦ ਸਮਾਂ ਆਵੇ ਤਾਂ ਸਿੱਖਾਂ ਨੂੰ ਚਾਉ ਚੜ੍ਹ ਜਾਂਦਾ ਹੈ। ਐਸੀ ਸੂਰਤ ਵਿਚ ਉਹ ਹਾਣ ਲਾਭ ਨਹੀਂ ਵਿਚਾਰਦੇ, ਕੁਛ ਅੱਗਾ ਪਿੱਛਾ ਨਹੀਂ ਸੋਚਦੇ, ਹਰ ਇਕ ਸਿਖ ਦੀ ਇਹ ਚਾਹਨਾ ਹੁੰਦੀ ਹੈ ਕਿ ਸਭ ਤੋਂ ਪਹਿਲਾਂ ਉਸ ਦਾ ਸੀਸ ਲਗੇ। ਉਸ ਨੂੰ ਇਹ ਦੁਨੀਆ ਨਜ਼ਰ ਨਹੀਂ ਆਉਂਦੀ ਹੁੰਦੀ, ਉਸ ਨੂੰ ਸਤਿਗੁਰੂ ਜੀ ਦਾ ਦਰਬਾਰ ਦਿਸਦਾ ਹੁੰਦਾ ਹੈ। ਉਹ ਇਸ ਦਰਬਾਰ ਵਿਚ ਪੁਜਣ ਲਈ ਕਾਹਲਾ ਹੁੰਦਾ ਹੈ। ਇਸੇ ਲਈ ਸਭ ਤੋਂ ਪਹਿਲਾਂ ਸਿਰ ਵਾਰਦਾ ਹੈ।......

ਸਿਖ ਧਰਮ ਖ਼ਾਤਰ ਸਭ ਕੁਝ ਵਾਰ ਸਕਦਾ ਹੈ। ਜਾਨ, ਮਾਲ, ਇਜ਼ਤ-ਆਬਰੋ ਅਤੇ ਆਪਣਾ ਸਭ ਕੁਝ ਧਰਮ ਖ਼ਾਤਰ ਵਾਰਨ ਨੂੰ ਸਿਖ ਆਪਣੇ ਧੰਨ ਭਾਗ ਸਮਝਦਾ ਹੈ। ਸਿਖ ਬਾਣੀਆਂ ਵਾਲੇ ਲੇਖੇ ਨਹੀਂ ਕਰਦਾ, ਹਟਵਾਣੀਆਂ ਵਾਲੇ ਵਾਧੇ ਘਾਟੇ ਨਹੀਂ ਸੋਚਦਾ, ਉਹ ਧਰਮ ਖ਼ਾਤਰ ਕੁਰਬਾਨੀ ਕਰਨੀ ਚਾਹੁੰਦਾ ਹੈ, ਅਤੇ ਬਸ।......

ਜਦ ਜਦ ਵੀ ਧਰਮ ਤੇ ਕੌਮ ਦੀ ਆਨ ਦਾ ਸਮਾਂ ਆਵੇਗਾ, ਜੋ ਵੀ ਗੁਰੂ ਕਾ ਸਿਖ ਹੋਵੇਗਾ, ਉਹ ਆਪਣੇ ਵੈਰ-ਵਿਰੋਧ ਮਿਟਾ ਕੇ ਤੇ ਮਾਫ਼ੀ ਮੰਗ ਕੇ ਪੰਥ ਦੇ ਨਾਲ ਰਲ ਜਾਵੇਗਾ ਅਤੇ ਹਰ ਤਰ੍ਹਾਂ ਦੀ ਕੁਰਬਾਨੀ ਕਰ ਦੇਵੇਗਾ। ਕੌਮੀ ਆਣ ਸਮੇਂ ਮਿਲਵਰਤਨੀਏ ਤੇ ਨਾ-ਮਿਲਵਰਤਨੀਏ ਇਕ ਹੋ ਜਾਣਗੇ, ਅਤੇ ਕੋਈ ਸਿਖ ਪਿਛੇ ਨਹੀਂ ਰਹੇਗਾ।......

ਖਾਲਸਾ ਇਕ ਜੀਊਂਦੀ ਕੌਮ ਹੈ। ਇਸ ਵਿਚ ਮੁਢ ਤੋਂ ਸੰਮਤੀ-ਭੇਦ ਰਿਹਾ, ਅਤੇ ਜਦ ਤੀਕ ਇਹ ਕੌਮ ਜੀਊਂਦੀ ਹੈ, ਇਸ ਵਿਚ ਸੰਮਤੀ-ਭੇਦ ਜ਼ਰੂਰ ਰਹੇਗਾ। ਪਰ ਇਹ ਕਦੇ ਨਹੀਂ ਹੋਇਆ ਕਿ ਸੰਮਤੀ-ਭੇਦ ਦੇ ਕਾਰਨ ਸਿੱਖਾਂ ਨੇ ਅਸੂਲ ਤੋੜ ਦਿਤਾ ਹੋਵੇ ਜਾਂ ਉਸ ਕੰਮ ਨੂੰ ਵਿਗਾੜ ਦਿਤਾ ਹੋਵੇ, ਜਿਸ ਖ਼ਾਤਰ ਸੰਮਤੀ-ਭੇਦ ਹੋਇਆ ਸੀ।......

ਸਿਖ ਕੌਮ ਵਿਚ ਦ੍ਰਿੜ੍ਹਤਾ ਬਹੁਤ ਵਧ ਕੇ ਹੈ, ਇਸ ਲਈ ਕਿਹਾ ਜਾ ਸਕਦਾ ਹੈ ਕਿ ਜਿਸ ਕੰਮ ਨੂੰ ਸਿਖ ਹੱਥ ਪਾ ਬਹਿਣਗੇ, ਉਸ ਨੂੰ ਪੂਰਾ ਕਰ ਕੇ ਹੀ ਛਡਣਗੇ। ਸਿੰਘਾਂ ਨੇ ਕਿਹਾ ਸੀ ਅਸੀਂ ਮੁਗਲਾਂ ਦੀ ਸਫ਼ਾ ਵਲ੍ਹੇਟ ਦੇਣੀ ਹੈ। ਮੁਗਲਾਂ ਹੱਥੋਂ ਸਿੰਘਾਂ ਨੇ ਚਾਲ੍ਹੀ ਸਾਲ ਕਸ਼ਟ ਝੱਲੇ, ਪਰ ਅੰਤ ਨੂੰ ਮੁਗਲਾਂ ਦੀ ਸਫ਼ਾ ਵਲ੍ਹੇਟ ਹੀ ਦਿਤੀ।......

ਜਿਸ ਕੌਮ ਵਿਚ ਐਸੀ ਦ੍ਰਿੜ੍ਹਤਾ ਹੋਵੇ, ਉਹ ਕੌਮ ਜੋ ਵੀ ਸੰਕਲਪ ਧਾਰੇਗੀ, ਉਸ ਨੂੰ ਜ਼ਰੂਰ ਪੂਰਿਆਂ ਕਰ ਲਏਗੀ। ਐਸੀ ਕੌਮਾਂ ਦੇ ਕੰਮਾਂ ਵਿਚ ਸਤਿਗੁਰੂ ਜੀ ਆਪ ਬਰਕਤ ਪਾਇਆ ਕਰਦੇ ਹਨ।

["ਅਮਰ ਖਾਲਸਾ" ਟਰੈਕਟ ਵਿਚੋਂ



www.AKJ.Org

# ਕਲਗੀਧਰ ਜੀ ਨਾਲ
# ਪਹਾੜੀ ਹਿੰਦੂ ਰਾਜਿਆਂ ਦੀਆਂ ਲੜਾਈਆਂ (੨)

[ਪ੍ਰੋਫ਼ੈਸਰ ਸਾਹਿਬ ਸਿੰਘ ਜੀ, ਡੀ. ਲਿਟ.]

## ਨਿਰਮੋਹ ਦੀ ਲੜਾਈ

ਰਾਜਿਆਂ ਦੀ ਮਿਲਵੀਂ ਤਾਕਤ ਕਾਮਯਾਬ ਨਾ ਹੋਈ। ਮੁੜ ਮੁੜ ਮੁਗ਼ਲ ਹਕੂਮਤ ਤੋਂ ਮਦਦ ਮੰਗਣ ਤੋਂ ਵੀ ਝਕਦੇ ਸਨ ਕਿ ਕਿਤੇ ਰਜਵਾੜੇ ਉੱਕੇ ਹੀ ਖ਼ਤਮ ਨਾ ਕੀਤੇ ਜਾਣ। ਧਰਮ ਦੀ ਓਟ ਲੈ ਕੇ ਸਤਿਗੁਰੂ ਜੀ ਨਾਲ ਧੋਖਾ ਕਰਨ ਦੀ ਸਲਾਹ ਕੀਤੀਓ ਨੇ। ਉਹਨਾਂ ਦਾ ਖ਼ਿਆਲ ਸੀ ਕਿ ਕਿਲ੍ਹੇ ਵਿਚ ਬੈਠੇ ਸਿੱਖਾਂ ਉਤੇ ਪੂਰੀ ਚੋਟ ਨਹੀਂ ਹੋ ਸਕਦੀ, ਜੇ ਕਿਸੇ ਤਰ੍ਹਾਂ ਅਨੰਦਪੁਰ ਛੱਡ ਕੇ ਬਾਹਰ ਖੁਲ੍ਹੇ ਮੈਦਾਨ ਵਿਚ ਆ ਜਾਣ, ਤਾਂ ਮਾਰ ਲਵਾਂਗੇ।

ਪੰਮੇ ਪਰੋਹਤ ਦੀ ਸਲਾਹ ਨਾਲ ਰਾਜਿਆਂ ਨੇ ਆਟੇ ਦੀ ਇਕ ਗਊ ਬਣਵਾਈ। ਗੁਰੂ ਗੋਬਿੰਦ ਸਿੰਘ ਜੀ ਵੱਲ ਇਕ ਚਿੱਠੀ ਲਿਖੀਓ ਨੇ। ਗਊ ਦੀ ਸਹੁੰ ਖਾ ਕੇ ਇਹ ਇਕਰਾਰ ਕੀਤੋ ਨੇ, ਕਿ ਜੇ ਤੁਸੀ ਅਨੰਦਪੁਰ ਛੱਡ ਕੇ ਦੋ ਚਾਰ ਦਿਨਾਂ ਲਈ ਕਿਤੇ ਬਾਹਰ ਚਲੇ ਜਾਓ, ਤਾਂ ਅਸੀ ਤੁਹਾਨੂੰ ਕੁਝ ਨਹੀਂ ਆਖਾਂਗੇ। ਸਾਡੀ ਇਸ ਵਿਚ ਟਹਿ ਆਏਗੀ ਕਿ ਅਸੀ ਜਿੱਤ ਕੇ ਆਏ ਹਾਂ। ਇਸ ਤਰ੍ਹਾਂ ਆਪੋ ਆਪਣੇ ਰਜਵਾੜੇ ਵਿਚ ਮੂੰਹ ਵਿਖਾਣ ਜੋਗੇ ਹੋ ਜਾਵਾਂਗੇ। ਜਨਤਾ ਦਾ ਭੀ ਅਜਾਈਂ ਖ਼ੂਨ ਨਹੀਂ ਡੁਲ੍ਹੇਗਾ।

ਪੰਮਾ ਪਰੋਹਤ ਕੁਝ ਸਾਥੀ ਨਾਲ ਲੈ ਕੇ ਅੱਖ ਬਚਾ ਕੇ ਉਹ ਗਊ ਤੇ ਚਿੱਠੀ ਲੋਹਗੜ੍ਹ ਦੇ ਕਿਲ੍ਹੇ ਦੇ ਦਰਵਾਜ਼ੇ ਪਾਸ ਰੱਖ ਆਇਆ। ਜਦੋਂ ਸਿੰਘਾਂ ਨੇ ਇਹ ਚੀਜ਼ਾਂ ਵੇਖੀਆਂ, ਉਹਨਾਂ ਸਤਿਗੁਰੂ ਜੀ ਦੇ ਪਾਸ ਪਹੁੰਚਾ ਦਿੱਤੀਆਂ।

ਗੁਰੂ ਗੋਬਿੰਦ ਸਿੰਘ ਜੀ ਤਾੜ ਗਏ ਕਿ ਪਹਾੜੀਏ ਧੋਖਾ ਦੇਣਾ ਚਾਹੁੰਦੇ ਹਨ। ਪਰ ਤਿੰਨ ਹਫ਼ਤਿਆਂ ਤੋਂ ਜਨਤਾ ਦਾ ਖ਼ੂਨ ਅਜਾਈਂ ਡੁਲ੍ਹ ਰਿਹਾ ਸੀ। ਜਿਥੋਂ ਤਕ ਹੋ ਸਕੇ, ਇਸ ਤੋਂ ਪਰਹੇਜ਼ ਹੀ ਯੋਗ ਸੀ। ਸਤਿਗੁਰੂ ਜੀ ਨੇ ਰਾਜਿਆਂ ਦੀ ਸਹੁੰ ਉਤੇ ਇਤਬਾਰ ਕਰ ਲਿਆ। ਜੇ ਉਹ ਜ਼ਬਾਨੋਂ ਫਿਰ ਜਾਣ ਤਾਂ ਲੋਕਾਂ ਦੀਆਂ ਨਜ਼ਰਾਂ ਵਿਚ ਨਸ਼ਰ ਹੋ ਜਾਣ। ਉਹਨਾਂ ਨੂੰ ਆਪਣੀ ਤਾਕਤ ਦਾ ਭੀ ਭੁਲੇਖਾ ਨਾ ਰਹੇ, ਖੁਲ੍ਹੇ ਮੈਦਾਨ ਵਿਚ ਭੀ ਸਿੰਘਾਂ ਦੇ ਹੱਥ ਵੇਖ ਲੈਣ।

ਸਤਿਗੁਰੂ ਜੀ ਨੇ ਅਨੰਦਪੁਰ ਖ਼ਾਲੀ ਕਰ ਦਿੱਤਾ। ਸਭ ਸਿੰਘਾਂ ਸਮੇਤ ਪਿੰਡ* ਨਿਰਮੋਹ ਦੇ ਨੇੜੇ ਇਕ ਉੱਚੇ ਥਾਂ ਤੇ ਜਾ ਡੇਰਾ ਕੀਤੋ ਨੇਂ। ਕਹਿਲੂਰੀਆ ਤੇ ਹੰਡੂਰੀਆ ਇਸੇ ਉਡੀਕ ਵਿਚ ਸਨ। ਉਹਨਾਂ ਹੱਲਾ ਕਰ ਦਿੱਤਾ। ਫਿਰ ਭੀ ਕਾਮਯਾਬੀ ਦੀ ਸੂਰਤ ਨਾ ਦਿੱਸੀ। ਆਖ਼ਰ ਸਰਹੰਦ ਦੇ ਸੂਬੇ ਪਾਸੋਂ ਮਦਦ ਮੰਗੀਓ ਨੇ।

ਪਾਠਕ ਹੈਰਾਨ ਨਾ ਹੋਣ। ਫ਼ੌਜਦਾਰਾਂ ਨੇ ਆਪਣਾ ਕਿੱਤਾ ਹੀ ਇਹ ਬਣਾ ਰੱਖਿਆ ਸੀ। ਆਪਣੇ ਬਾਹੂ-ਬਲ ਦਾ ਚੋਖਾ ਮੁੱਲ ਪਵਾ ਲੈਂਦੇ ਸਨ। ਮਰਦੇ ਤਾਂ ਗਰੀਬਾਂ ਦੇ ਪੁੱਤਰ ਸਨ। ਉਹਨਾਂ ਨੂੰ ਕੀ?

ਸਿੱਖ-ਇਤਿਹਾਸ ਲਿਖਦਾ ਹੈ ਕਿ ਉਸ ਮੌਕੇ ਤੇ ਪਹਾੜੀ ਰਾਜਿਆਂ ਨੇ ਦੋ ਤੁਰਕ ਤੋਪਚੀਆਂ ਨੂੰ ਇਨਾਮ ਦੇਣਾ ਕੀਤਾ, ਜੇ ਉਹ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਗੋਲੇ ਦਾ ਨਿਸ਼ਾਨਾ ਬਣਾ ਸਕਣ। ਸਤਿਗੁਰੂ ਜੀ ਉੱਚੇ ਟਿੱਬੇ ਉਤੇ ਬੈਠੇ ਹੋਏ ਸਨ। ਇਕ ਸਿੱਖ ਉਹਨਾਂ ਦੇ ਪਾਸ ਖੜਾ ਸੀ, ਤੋਪਚੀ ਦਾ ਗੋਲਾ ਉਸ ਸਿੱਖ ਨੂੰ ਉੜਾ ਗਿਆ। ਸਤਿਗੁਰੂ ਜੀ ਨੇ ਦੋਹਾਂ ਤੁਰਕਾਂ ਨੂੰ ਤੀਰ ਦਾ ਨਿਸ਼ਾਨਾ ਬਣਾਇਆ। ਉਸ ਥਾਂ ਤੇ ਹੁਣ ਉਹਨਾਂ ਦੋਹਾਂ ਦੀਆਂ ਕਬਰਾਂ ਬਣੀਆਂ ਹੋਈਆਂ ਹਨ। ਉਸ ਥਾਂ ਨੂੰ ਸਿਆਹੀ ਟਿੱਬੀ ਆਖਦੇ ਹਨ। ਸ਼ਹੀਦ ਹੋਏ ਸਿੰਘ ਦੀ ਯਾਦਗਾਰ ਵਿਚ ਇਕ ਗੁਰਦੁਆਰਾ ਬਣਿਆ ਹੋਇਆ ਹੈ।

ਸਰਹੰਦ ਅਨੰਦਪੁਰ ਤੋਂ ਪੰਜਤਾਲੀ ਕੁ ਮੀਲਾਂ ਦੀ ਵਿੱਥ ਤੇ ਹੈ। ਸੂਬਾ ਬਹੁਤ ਸਾਰੀ ਫ਼ੌਜ ਲੈ ਕੇ ਆ ਪਹੁੰਚਿਆ। ਹੁਣ ਸਿੰਘ ਘੇਰੇ ਵਿਚ ਆ ਗਏ। ਇਕ ਪਾਸੇ ਮੁਗ਼ਲ ਫ਼ੌਜ, ਦੂਜੇ ਪਾਸੇ ਪਹਾੜੀਆਂ ਦੀ ਸੈਨਾ। ਪਿਛਲ

---
* ਨਿਰਮੋਹ ਕੀਰਤਪੁਰ ਦੇ ਨੇੜੇ ਹੈ।


www.AKJ.Org

ਪਾਸੇ ਅਨੰਦਪੁਰ ਸੀ, ਅਤੇ ਸਾਹਮਣੇ ਪਾਸੇ ਸਤਲੁਜ ਦਰਿਆ। ਸਾਰਾ ਦਿਨ ਬੜੀ ਘਮਸਾਨ ਦੀ ਲੜਾਈ ਹੁੰਦੀ ਰਹੀ। ਰਾਤ ਨੂੰ ਰਾਜਿਆਂ ਨੇ ਸੂਬੇ ਨੂੰ ਮਿਲ ਕੇ ਕਈ ਲੂਤੀਆਂ ਲਾ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਵਿਰੁੱਧ ਬਹੁਤ ਚਮਕਾਇਆ। ਅਗਲੇ ਦਿਨ ਫਿਰ ਪਹਾੜੀਆਂ ਤੇ ਮੁਗਲਾਂ ਨੇ ਦੋਹਾਂ ਪਾਸਿਆਂ ਤੋਂ ਹਮਲਾ ਕੀਤਾ। ਵੈਰੀ ਦਲ ਦੀ ਗਿਣਤੀ ਬਹੁਤ ਵਧੀਕ ਸੀ। ਅਨੰਦਪੁਰ ਵਿਚ ਵਾਪਸ ਜਾਣਾ ਯੋਗ ਨਾ ਸਮਝਿਆ ਗਿਆ। ਸਤਲੁਜ ਤੋਂ ਪਰਲੇ ਪਾਸੇ ਰਿਆਸਤ ਬਸਾਲੀ ਦਾ ਰਾਜਾ ਸਲਾਹੀ ਚੰਦ ਅੱਗੇ ਕਈ ਵਾਰੀ ਇੱਛਾ ਪਰਗਟ ਕਰ ਚੁਕਾ ਸੀ ਕਿ ਸਤਿਗੁਰੂ ਜੀ ਉਸ ਦੀ ਰਿਆਸਤ ਵਿਚ ਕਦੇ ਦਰਸ਼ਨ ਦੇਣ। ਦੋਹਾਂ ਪਾਸਿਆਂ ਤੋਂ ਵਰ੍ਹਦੀਆਂ ਗੋਲੀਆਂ ਤੇ ਤੀਰਾਂ ਹੇਠ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਸਮੇਤ ਸਤਲੁਜ ਪਾਰ ਕੀਤਾ। ਪਹਾੜੀਆਂ ਨੇ ਇਤਨੇ ਵਿਚ ਹੀ ਸ਼ੁਕਰ ਕੀਤਾ। ਸੂਬੇ ਨੂੰ ਉਸ ਦਾ ਖ਼ਰਚ ਦੇ ਕੇ ਵਿਦਾ ਕਰ ਕੇ ਰਾਜੇ ਆਪੋ ਆਪਣੀ ਰਿਆਸਤ ਵੱਲ ਮੁੜ ਪਏ। ਇਹ ਲੜਾਈ ਭੀ ਸੰਨ ੧੭੦ । ਦੇ ਅਖ਼ੀਰ ਵਿਚ ਹੋਈ ਸੀ। ਇਸ ਲੜਾਈ ਵਿਚ ਭਾਈ ਸਾਹਿਬ ਸਿੰਘ ਜੀ ਸ਼ਹੀਦ ਹੋਏ।

ਸਿੰਘਾਂ ਦੀ ਇਸ ਪਸਪਾਈ ਤੋਂ ਕਈ ਪਹਾੜੀਏ ਭੂਹੇ ਹੋ ਗਏ। ਸਤਲੁਜ ਪਾਰ ਕਰ ਕੇ ਫਿਰ ਸਿੰਘਾਂ ਉਤੇ ਹਮਲਾ ਕਰ ਦਿਤੋ ਨੇ, ਪਰ ਗਿੱਦੜ-ਕੁੱਟ ਖਾ ਕੇ ਪਹਾੜੀਏ ਭੱਜ ਆਏ। ਪਿੰਡ ਕਲਮੋਟ ਦੇ ਗੁੱਜਰਾਂ ਤੇ ਰੰਗੜਾਂ ਨੇ ਭੀ ਸਿੰਘਾਂ ਨੂੰ ਬਿਪਤਾ ਵਿਚ ਸਮਝ ਕੇ ਹੱਲਾ ਬੋਲ ਦਿੱਤਾ। ਪਰ ਉਹਨਾਂ ਨੂੰ ਭੀ ਮੂੰਹ ਦੀ ਖਾਣੀ ਪਈ।

**ਵਾਪਸ ਅਨੰਦਪੁਰ**–ਕੁਝ ਦਿਨ ਬਸਾਲੀ ਠਹਿਰ ਕੇ, ਮੁਖੀ ਸਿੰਘਾਂ ਦੀ ਸਲਾਹ ਤੇ, ਗੁਰੂ ਗੋਬਿੰਦ ਸਿੰਘ ਜੀ ਮੁੜ ਅਨੰਦਪੁਰ ਵਾਪਸ ਆ ਗਏ। ਅਜਮੇਰ ਚੰਦ ਕਹਿਲੂਰੀਏ ਨੇ ਹੁਣ ਇਹੀ ਜੋਗ ਜਾਣਿਆ ਕਿ ਗੁਰੂ ਨਾਲ ਕੁਝ ਚਿਰ ਲਈ ਸੁਲਹ-ਸਫ਼ਾਈ ਰੱਖੀ ਜਾਏ। ਕੁਝ ਭੇਟਾ ਭੇਜੀਓਸੁ, ਹੋਰ ਪਹਾੜੀ ਰਾਜਿਆਂ ਨੇ ਵੀ ਉਵੇਂ ਹੀ ਕੀਤਾ।

ਦੋ ਕੁ ਸਾਲ ਅਮਨ-ਸ਼ਾਂਤੀ ਨਾਲ ਲੰਘ ਗਏ। ਪਰ ਸਿੱਖ-ਕੌਮ ਦੀ ਦਿਨੋ-ਦਿਨ ਵਧਦੀ ਤਾਕਤ ਪਹਾੜੀਆਂ ਦੇ ਦਿਲ ਦਾ ਕੰਡਾ ਬਣੀ ਰਹੀ। ਇਕੋ ਬਾਟੇ ਵਿਚ ਪੀਤੇ ਅੰਮ੍ਰਿਤ ਨੇ ਸਿੰਘਾਂ ਨੂੰ ਜਥੇਬੰਦ ਕਰ ਕੇ ਸੂਰਬੀਰਤਾ ਦੀ ਕੌਮ ਬਣਾ ਦਿਤਾ।

ਜਦੋਂ ਪਹਾੜੀ ਰਾਜਿਆਂ ਨੇ ਛੇੜ-ਖ਼ਾਨੀ ਬੰਦ ਕਰ ਦਿਤੀ, ਤਾਂ ਸਤਿਗੁਰੂ ਜੀ ਅਨੰਦਪੁਰ ਤੋਂ ਮਾਲਵੇ *'ਲੱਖੀ ਜੰਗਲ' ਵੱਲ ਧਰਮ-ਪਰਚਾਰ ਵਾਸਤੇ ਚੱਲ ਪਏ। ਸੰਨ ੧੭੦੨ ਦਾ ਅੱਧ ਲੰਘ ਚੁਕਾ ਸੀ। ਚੌਮਾਸੇ ਦੇ ਦਿਨ ਸਤਿਗੁਰੂ ਜੀ ਨੇ ਸਾਬੋ ਕੀ ਤਲਵੰਡੀ ਚੌਧਰੀ ਡੱਲੇ ਪਾਸ ਗੁਜ਼ਾਰੇ। 'ਲੱਖੀ ਜੰਗਲ' ਤੋਂ ਵਾਪਸ ਅਨੰਦਪੁਰ ਨੂੰ ਆਉਣ ਦੀਆਂ ਤਿਆਰੀਆਂ ਸਨ ਕਿ ਕੁਰਖੇਤਰ ਸੂਰਜ ਗ੍ਰਹਿਣ ਦਾ ਮੇਲਾ ਨੇੜੇ ਆ ਗਿਆ। ਅਜਮੇਰ ਚੰਦ ਆਦਿਕ ਕਈ ਹਿੰਦੂ ਰਾਜੇ ਭੀ ਸੂਰਜ-ਗ੍ਰਹਿਣ ਦੇ ਮੇਲੇ ਤੇ ਜਾ ਰਹੇ ਸਨ। ਸਤਿਗੁਰੂ ਜੀ ਭੀ ਸਿੰਘਾਂ ਸਮੇਤ ਕੁਰਖੇਤਰ ਗਏ। ਇਹ ਜ਼ਿਕਰ ਜਨਵਰੀ ਸੰਨ ੧੭੦੩ ਦਾ ਹੈ।

## ਚਮਕੌਰ ਦੀ ਪਹਿਲੀ ਲੜਾਈ

ਕੁਰਖੇਤਰ ਤੋਂ ਮੁੜ ਕੇ ਅਨੰਦਪੁਰ ਨੂੰ ਆਉਂਦੇ ਹੋਏ ਸਤਿਗੁਰੂ ਜੀ ਚਮਕੌਰ ਪਹੁੰਚੇ। ਚਮਕੌਰ ਰੋਪੜ ਤੋਂ ਚੜ੍ਹਦੇ ਵੱਲ ਪੰਦਰਾਂ ਕੁ ਮੀਲਾਂ ਤੇ ਹੈ। ਲਾਹੌਰ ਤੋਂ ਦੋ ਫ਼ੌਜਦਾਰ ਸੈਦ ਬੇਗ ਅਤੇ ਅਲਫ਼ ਖ਼ਾਂ ਪਹਾੜੀ ਰਿਆਸਤਾਂ ਵਿਚੋਂ ਲੰਘਦੇ ਹੋਏ ਦਿੱਲੀ ਨੂੰ ਜਾ ਰਹੇ ਸਨ। ਅਜਮੇਰ ਚੰਦ ਨੇ ਚੰਗਾ ਮੌਕਾ ਤਾੜਿਆ। ਉਸ ਨੇ ਇਹਨਾਂ ਦੋਹਾਂ ਫ਼ੌਜਦਾਰਾਂ ਨੂੰ ਚਮਕਾਇਆ। ਚੋਖਾ ਨਜ਼ਰਾਨਾ ਭੇਟਾ ਕਰਨ ਦਾ ਭੀ ਇਕਰਾਰ ਕੀਤੋਸੁ। ਪੈਸੇ ਦੇ ਲਾਲਚ ਵਿਚ ਆ ਕੇ ਫ਼ੌਜਦਾਰਾਂ ਨੇ ਚਮਕੌਰ ਪਹੁੰਚ ਕੇ ਸਿੰਘਾਂ ਉੱਤੇ ਹੱਲਾ ਕਰ ਦਿੱਤਾ। ਸਿੰਘ ਗਿਣਤੀ ਵਿਚ ਥੋੜੇ ਹੀ ਸਨ। ਫਿਰ ਭੀ ਉਹ ਸ੍ਵੈ-ਰੱਖਿਆ ਲਈ ਡੱਟ ਖਲੋਤੇ। ਸੈਦ ਬੇਗ ਨੇ ਗੁਰੂ-ਘਰ ਦੀ ਸ਼ੋਭਾ ਕਈ ਵਾਰੀ ਸੁਣੀ ਹੋਈ ਸੀ। ਇਹਨਾਂ ਥੋੜੇ ਜਿਹੇ ਸਿੰਘਾਂ ਦੀ ਨਿਡਰਤਾ ਤੇ ਬੀਰਤਾ ਵੇਖ ਕੇ ਉਸ ਦੇ ਮਨ ਨੂੰ ਹੋਰ ਭੀ ਧੂਹ ਪਈ। ਅਮਨ-ਚੈਨ ਨਾਲ ਬੈਠੇ ਬੇ-ਦੋਸ਼ ਸਿੰਘਾਂ ਉਤੇ ਆਪਣਾ ਇਹ ਹਮਲਾ ਉਸ ਨੂੰ ਬੜੀ ਮੰਦੀ ਕਰਤੂਤ ਜਾਪੀ। ਜਿਸ ਵੇਲੇ ਲੜਾਈ ਪੂਰੇ ਜੋਬਨ ਤੇ ਸੀ, ਸੈਦ ਬੇਗ ਐਨ ਉਸ ਵੇਲੇ ਆਪਣੇ ਕੁਝ ਸਾਥੀਆਂ ਨੂੰ ਪਰੇਰ ਕੇ ਸਿੰਘਾਂ ਦੇ ਨਾਲ

* ਗੁਰੂ ਗੋਬਿੰਦ ਸਿੰਘ ਜੀ ਨੇ ਮਾਲਵੇ ਦੇ ਜੰਗਲ ਨੂੰ 'ਲੱਖੀ ਜੰਗਲ' ਦੀ ਪਦਵੀ ਬਖ਼ਸ਼ੀ ਸੀ।



www.AKJ.Org

ਆ ਰਲਿਆ। ਅਲਫ਼ ਖ਼ਾਂ ਨੂੰ ਹੁਣ ਲੜਾਈ ਜਿੱਤਣ ਦੀ ਕੋਈ ਆਸ ਨਾ ਰਹੀ। ਸਿੰਘਾਂ ਦਾ ਖਹਿੜਾ ਛੱਡ ਕੇ ਉਹ ਦਿੱਲੀ ਦੇ ਰਾਹੇ ਪਿਆ। ਸਤਿਗੁਰੂ ਜੀ ਸਿੰਘਾਂ ਸਮੇਤ ਚਮਕੌਰ ਤੋਂ ਅਨੰਦਪੁਰ ਵਾਪਸ ਆ ਗਏ। ਸੈਦ ਬੇਗ ਭੀ ਆਪਣੇ ਸਾਥੀਆਂ ਸਮੇਤ ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਹੀ ਰਹਿ ਪਿਆ।

## ਅਨੰਦਪੁਰ ਦੀ ਤੀਜੀ ਲੜਾਈ

ਪਹਾੜੀਆਂ ਦੀ ਸੁਲਹ-ਸਫ਼ਾਈ ਦੀ ਠੱਗੀ ਉੱਘੜ ਗਈ। ਸੈਦ ਬੇਗ ਨੇ ਉਹਨਾਂ ਦੀ ਸਾਰੀ ਕਰਤੂਤ ਦਾ ਭਾਂਡਾ ਭੰਨ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਪਾਸ ਉਹਨੀਂ ਦਿਨੀਂ ਅਨੰਦਪੁਰ ਵਿਚ ਸਿਰਫ਼ ਅੱਠ ਸੌ ਦੇ ਕਰੀਬ ਸ਼ਸਤਰ-ਧਾਰੀ ਸਿੰਘ ਰਹਿੰਦੇ ਸਨ। ਰਾਜਿਆਂ ਨੇ ਰਲ ਕੇ ਵਿਚਾਰਿਆ ਕਿ ਵੈਰ ਲੁਕਿਆ ਤਾਂ ਹੁਣ ਰਿਹਾ ਨਹੀਂ, ਇਸ ਵੇਲੇ ਅਨੰਦਪੁਰ ਵਿਚ ਸਿੰਘ ਭੀ ਥੋੜੇ ਹੀ ਹਨ, ਕਿਉਂ ਨਾ ਹੁਣੇ ਹੱਲਾ ਕਰ ਕੇ ਮਾਰ ਮੁਕਾਈਏ।

ਕਹਿਲੂਰ, ਹੰਡੂਰ, ਚੰਬਾ, ਫ਼ਤਹਪੁਰ ਆਦਿਕ ਦੇ ਰਾਜਿਆਂ ਨੇ ਮਿਲ ਕੇ ਅਨੰਦਪੁਰ ਉਤੇ ਚੜ੍ਹਾਈ ਕਰ ਦਿੱਤੀ। ਨਗਰ ਤੋਂ ਬਾਹਰ ਨਿਕਲ ਕੇ ਸਿੰਘਾਂ ਨੇ ਟਾਕਰਾ ਕੀਤਾ। ਸਿੰਘਾਂ ਦੀ ਗਿਣਤੀ ਵੈਰੀ ਦੇ ਟਾਕਰੇ ਤੇ ਬਹੁਤ ਥੋੜੀ ਸੀ। ਨੁਕਸਾਨ ਬਹੁਤ ਹੋਇਓ ਨੇ। ਫਿਰ ਭੀ ਮੈਦਾਨ ਸਿੰਘਾਂ ਦੇ ਹੱਥ ਹੀ ਰਿਹਾ। ਪਹਾੜੀਏ ਦਿਲ ਛੱਡ ਕੇ ਭੱਜ ਗਏ। ਇਹ ਜ਼ਿਕਰ ਸੰਨ ੧੭੦੩ ਦਾ ਹੈ।

## ਅਨੰਦਪੁਰ ਦੀ ਚੌਥੀ ਲੜਾਈ

ਸਿੱਖ ਕੌਮ ਦੀ ਤਾਕਤ ਦਿਨੋ-ਦਿਨ ਵਧ ਰਹੀ ਸੀ। ਉਸ ਵੇਲੇ ਸਿੱਖ ਕੌਮ ਦੀ ਤਾਕਤ ਜਨਤਾ ਦੀ ਤਾਕਤ ਸੀ, ਕਿਉਂਕਿ ਬਹੁਤੀ ਗਿਣਤੀ ਵਿਚ ਸਿੱਖ ਬਣੇ ਹੀ ਉਹ ਲੋਕ ਸਨ, ਜਿਨ੍ਹਾਂ ਨੂੰ ਬ੍ਰਾਹਮਣ, ਖੱਤਰੀ ਅਤੇ ਹਾਕਮ ਸ਼੍ਰੇਣੀ ਦੇ ਲੋਕ ਪੈਰਾਂ ਹੇਠ ਲਤਾੜਦੇ ਆ ਰਹੇ ਸਨ। ਜਨਤਾ ਦੀ ਇਹ ਤਾਕਤ ਪਹਾੜੀ ਰਾਜਿਆਂ ਨੂੰ ਆਪਣੇ ਵਾਸਤੇ ਖ਼ਤਰਨਾਕ ਦਿੱਸ ਰਹੀ ਸੀ। ਆਖ਼ਰ ਉਹਨਾਂ ਨੇ ਖ਼ਾਲਸੇ ਦੇ ਵਿਰੁੱਧ ਸਿਰ ਧੜ ਦੀ ਬਾਜ਼ੀ ਲਾ ਲਈ। ਔਰੰਗਜ਼ੇਬ ਪਾਸ ਕਈ ਸ਼ਿਕਾਇਤਾਂ ਭੇਜੀਆਂ ਗਈਆਂ। ਦੂਰ ਦੱਖਣ ਵਿਚ ਰੁੱਝੇ ਹੋਏ ਔਰੰਗਜ਼ੇਬ ਨੂੰ ਪੰਜਾਬ ਦੀ ਹਾਲਤ ਇਉਂ ਵਿਖਾਈ ਗਈ ਕਿ ਜਿਵੇਂ ਸਿੰਘਾਂ ਨੇ ਮੁਗ਼ਲ ਹਕੂਮਤ ਦੇ ਵਿਰੁੱਧ ਬਗ਼ਾਵਤ ਕਰ ਦਿੱਤੀ ਹੋਈ ਹੈ।

ਬਾਦਸ਼ਾਹ ਦੇ ਹੁਕਮ ਅਨੁਸਾਰ ਦਿੱਲੀ ਤੋਂ ਮੁਗ਼ਲ ਫ਼ੌਜ ਭੇਜੀ ਗਈ, ਜਿਸ ਦਾ ਸਰਦਾਰ ਇਕ ਜਰਨੈਲ ਸੈਦ ਖ਼ਾਂ ਨੂੰ ਥਾਪਿਆ ਗਿਆ। ਇਹ ਸੈਦ ਖ਼ਾਂ ਸਾਢੌਰੇ ਦੇ ਪੀਰ ਬੁੱਧੂ ਸ਼ਾਹ ਦਾ ਸਾਲਾ ਸੀ, ਜੋ ਭੰਗਾਣੀ ਦੇ ਜੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਵਾਲੇ ਪਾਸੇ ਪਹਾੜੀ ਰਾਜਿਆ ਦੇ ਵਿਰੁੱਧ ਲੜ ਕੇ ਆਪਣੇ ਦੋ ਜਵਾਨ ਪੁੱਤਰ ਸ਼ਹੀਦ ਕਰਾ ਆਇਆ ਸੀ।

ਦਿੱਲੀ ਤੋਂ ਅਨੰਦਪੁਰ ਨੂੰ ਆਉਂਦਾ ਸੈਦ ਖ਼ਾਂ ਰਸਤੇ ਵਿਚ ਸਾਢੌਰੇ ਠਹਿਰਿਆ, ਅਤੇ ਪੀਰ ਬੁੱਧੂ ਸ਼ਾਹ ਨੂੰ ਮਿਲਿਆ। ਪੀਰ ਪਾਸੋਂ ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਅਤੇ ਗੁਰੂ-ਘਰ ਦੇ ਜ਼ਿਕਰ ਸੁਣੇ। ਉਸ ਨੂੰ ਇਹ ਭੀ ਪਤਾ ਲੱਗਾ ਕਿ ਗੁਰੂ ਇਕ ਫ਼ਕੀਰਾਨਾ ਜ਼ਿੰਦਗੀ ਦਾ ਮਾਲਕ ਹੈ। ਉਹਨਾਂ ਪਾਸ ਕੋਈ ਰਿਆਸਤ ਨਹੀਂ ਹੈ, ਕੋਈ ਮਿਲਖ ਨਹੀਂ ਮੱਲੇ ਹੋਏ। ਇਤਨੀ ਵਾਰੀ ਪਹਾੜੀ ਰਾਜਿਆਂ ਨੂੰ ਭਾਂਜ ਦੇ ਕੇ ਭੀ ਉਹਨਾਂ ਕਿਸੇ ਦੀ ਇਕ ਚੱਪਾ ਥਾਂ ਭੀ ਨਹੀਂ ਖੋਹੀ। ਸੈਦ ਖ਼ਾਂ ਕੁਝ ਦੁ-ਚਿੱਤਾ ਜਿਹਾ ਹੋ ਗਿਆ। ਪੀਰ ਬੁੱਧੂ ਸ਼ਾਹ ਦੀ ਕੀਤੀ ਕੁਰਬਾਨੀ ਦਾ ਭੀ ਉਸ ਉਤੇ ਡੂੰਘਾ ਅਸਰ ਹੋਇਆ। ਉਸ ਉਤੇ ਅਸਲੀਅਤ ਉੱਘੜਨ ਲੱਗ ਪਈ। ਫਿਰ ਭੀ ਅੱਖੀਂ ਵੇਖਣ ਤੋਂ ਬਿਨਾ ਅਜੇ ਉਹ ਡਾਵਾਂ-ਡੋਲ ਹੀ ਸੀ। ਫ਼ੌਜ ਲੈ ਕੇ ਅਨੰਦਪੁਰ ਵੱਲ ਵੱਧਿਆ।

ਇਹ ਜ਼ਿਕਰ ਮਾਰਚ ਸੰਨ ੧੭੦੪ ਦਾ ਹੈ। ਸਿੱਖ-ਇਤਿਹਾਸ ਲਿਖਦਾ ਹੈ ਕਿ ਚੇਤ ਸੁਦੀ ੫ ਨੂੰ ਅਨੰਦਪੁਰ ਉਤੇ ਹਮਲਾ ਕੀਤਾ ਗਿਆ ਸੀ, ਸੂਰਜ ਦੇ ਹਿਸਾਬ ਪਹਿਲੀ ਵੈਸਾਖ ਸੰਮਤ ੧੭੬੧ ਸੀ। ਮਾਰਚ ਦੀ ੨੯ ਤਰੀਕ ਸੀ ਅਤੇ ਬੁਧਵਾਰ ਦਾ ਦਿਨ ਸੀ। ਹਾੜੀ ਦੇ ਫ਼ਸਲਾਂ ਦੇ ਦਿਨ ਸਨ। ਅਨੰਦਪੁਰ ਵਿਚ ਤਦੋਂ ਸਿਰਫ਼ ਪੰਜ ਸੌ ਦੇ ਕਰੀਬ ਸਿੰਘ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਨਾਲ ਹੀ ਨਗਰ ਦੀ ਰਾਖੀ ਦਾ ਪਰਬੰਧ



www.AKJ.Org

ਕਰਨ ਦੇ ਜ਼ਤਨ ਕੀਤੇ। ਵੈਰੀ ਦਲ ਬਹੁਤ ਸਾਰਾ ਆਉਂਦਾ ਸੁਣ ਕੇ ਸਿੱਖਾਂ ਵਿਚ ਕੁਝ ਘਬਰਾਹਟ ਜਿਹੀ ਪਈ, ਪਰ ਸਤਿਗੁਰੂ ਜੀ ਦੇ ਹੌਸਲਾ ਦੇਣ ਤੇ ਉਹ ਟਾਕਰੇ ਲਈ ਤਿਆਰ ਹੋ ਪਏ। ਸੈਦ ਬੇਗ, ਜਿਹੜਾ ਚਮਕੌਰ ਦੀ ਲੜਾਈ ਸਮੇਂ ਮੁਗਲ-ਫੌਜ ਨੂੰ ਛੱਡ ਆਇਆ ਸੀ, ਅਨੰਦਪੁਰ ਵਿਚ ਹੀ ਰਹਿੰਦਾ ਸੀ। ਇਕ ਹੋਰ ਮੁਸਲਮਾਨ ਜੋਧਾ ਮੈਮੂੰ ਖ਼ਾਂ ਭੀ ਗੁਰੂ ਗੋਬਿੰਦ ਸਿੰਘ ਜੀ ਦਾ ਸਿਦਕੀ ਬਣ ਕੇ ਉਥੇ ਹੀ ਟਿਕਿਆ ਹੋਇਆ ਸੀ।

ਨਗਰ ਉਤੇ ਹਮਲਾ ਹੋਣ ਤੇ ਇਹਨਾਂ ਦੋਹਾਂ ਨੇ ਵੈਰੀ ਦਾ ਟਾਕਰਾ ਕਰਨ ਲਈ ਆਗਿਆ ਮੰਗੀ। ਸਤਿਗੁਰੂ ਜੀ ਨੇ ਕੁਝ ਸਿੰਘ ਇਹਨਾਂ ਦੇ ਨਾਲ ਤੋਰੇ। ਸੈਦ ਬੇਗ ਦਾ ਟਾਕਰਾ ਇਕ ਪਹਾੜੀਏ ਰਾਜੇ ਹਰੀ ਚੰਦ ਨਾਲ ਹੋ ਪਿਆ। ਹਰੀ ਚੰਦ ਨੂੰ ਸੈਦ ਬੇਗ ਨੇ ਮਾਰ ਲਿਆ। ਪਰ ਉਧਰੋਂ ਮੁਗਲ ਫ਼ੌਜ ਦਾ ਇਕ ਸਰਦਾਰ ਦੀਨਾ ਬੇਗ ਆ ਪਿਆ, ਸੈਦ ਬੇਗ ਬਹਾਦਰੀ ਨਾਲ ਲੜਦਾ ਹੋਇਆ ਵੈਰੀਆਂ ਦੇ ਹੱਥੋਂ ਸ਼ਹੀਦ ਹੋਇਆ। ਮੈਮੂੰ ਖ਼ਾਂ ਨੇ ਭੀ ਕਰਾਰੇ ਹੱਥ ਵਿਖਾਏ, ਪਰ ਆਖ਼ਰ ਉਹ ਭੀ ਸ਼ਹੀਦ ਹੋ ਗਿਆ।

ਮੁਗਲ ਫ਼ੌਜ ਦਾ ਜਰਨੈਲ ਸੈਦ ਖ਼ਾਂ ਗਿਣਤੀ ਦੇ ਸਿੰਘਾਂ ਦੀ ਬਹਾਦਰੀ ਵੇਖ ਕੇ ਹੈਰਾਨ ਰਹਿ ਗਿਆ। ਸੈਦ ਬੇਗ, ਮੈਮੂੰ ਖ਼ਾਂ ਅਤੇ ਉਹਨਾਂ ਦੇ ਸਾਥੀ ਮੁਸਲਮਾਨ ਜੋਧਿਆਂ ਨੂੰ ਵੇਖ ਕੇ ਸੈਦ ਖ਼ਾਂ ਨੂੰ ਹੁਣ ਪੀਰ ਬੁੱਧੂ ਸ਼ਾਹ ਦੇ ਲਫ਼ਜ਼ਾਂ ਉਤੇ ਯਕੀਨ ਆ ਗਿਆ ਕਿ ਗੁਰੂ ਨਿਰਵੈਰ ਹੈ ਅਤੇ ਨਿਰਚਾਹ ਹੈ। ਅਜਿਹੇ ਉੱਚੇ ਮਹਾਂ ਪੁਰਖ ਵਿਰੁੱਧ ਫ਼ੌਜ ਲਿਆ ਕੇ ਲੜਨ ਤੋਂ ਉਸ ਨੂੰ ਇਤਨੀ ਘ੍ਰਿਣਾ ਹੋਈ ਕਿ ਉਹ ਮੁਗਲ ਫ਼ੌਜ ਦਾ ਸਾਥ ਛੱਡ ਕੇ ਚਲਾ ਗਿਆ।

ਸੈਦ ਖ਼ਾਂ ਦੇ ਥਾਂ ਰਮਜ਼ਾਨ ਖ਼ਾਂ ਨੇ ਫ਼ੌਜ ਦੀ ਕਮਾਨ ਸਾਂਭ ਲਈ। ਪਰ ਰਣ-ਭੂਮੀ ਵਿਚ ਆ ਕੇ ਉਹ ਛੇਤੀ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਤੀਰ ਨਾਲ ਜ਼ਖਮੀ ਹੋ ਗਿਆ। ਫਿਰ ਭੀ ਇਤਨੀ ਫ਼ੌਜ ਦੇ ਟਾਕਰੇ ਤੇ ਪੰਜ ਸੌ ਸਿੰਘ ਅਨੰਦਪੁਰ ਦੀ ਰਾਖੀ ਕਰਨ ਲਈ ਕਾਫ਼ੀ ਨਹੀਂ ਸਨ। ਸਤਿਗੁਰੂ ਜੀ ਨੂੰ ਨਗਰ ਖ਼ਾਲੀ ਕਰਨਾ ਪਿਆ। ਨਗਰ ਦੀਆਂ ਇਸਤ੍ਰੀਆਂ ਬੱਚਿਆਂ ਦੀ ਸਾਂਭ ਸੰਭਾਲ ਕਰ ਕੇ ਉਹਨਾਂ ਨੂੰ ਸਿੰਘਾਂ ਦੀ ਹਿਫ਼ਾਜ਼ਤ ਵਿਚ ਨਾਲ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਵੈਰੀ ਦੇ ਦਾਉ ਤੋਂ ਨਿਕਲ ਗਏ। ਤੁਰਕ ਫ਼ੌਜ ਨੇ ਅਨੰਦਪੁਰ ਤੇ ਕਬਜ਼ਾ ਕਰ ਲਿਆ ਅਤੇ ਲੁੱਟ ਦਾ ਮਾਲ ਲੈ ਕੇ ਉਹ ਸਰਹੰਦ ਨੂੰ ਚਲ ਪਈ।

ਇਹ ਘਟਨਾ ਸਿੰਘਾਂ ਨੂੰ ਕਿਵੇਂ ਪਸੰਦ ਆ ਸਕਦੀ ਸੀ? ਉਹਨਾਂ ਵੈਰੀ ਉਤੇ ਛਾਪੇ ਮਾਰਨ ਲਈ ਸਤਿਗੁਰੂ ਜੀ ਤੋਂ ਆਗਿਆ ਲਈ। ਵੈਰੀ-ਦਲ ਜਿੱਤ ਅਤੇ ਲੁੱਟ ਦੇ ਨਸ਼ੇ ਵਿਚ ਰਾਤ ਵੇਲੇ ਬੇ-ਫ਼ਿਕਰ ਆਰਾਮ ਕਰ ਰਿਹਾ ਸੀ। ਉਹਨਾਂ ਦੇ ਇਹ ਚਿੱਤ-ਚੇਤੇ ਭੀ ਨਹੀਂ ਸੀ ਕਿ ਇਹਨਾਂ ਗਿਣਤੀ ਦੇ ਸਿੰਘਾਂ ਵਿਚ ਹੁਣ ਸਿਰ ਚੁਕਣ ਦੀ ਕੋਈ ਹਿੰਮਤ ਹੈ। ਸਿੰਘ ਰਾਤ ਦੇ ਹਨੇਰੇ ਵਿਚ ਅਚਨਚੇਤ ਟੁੱਟ ਕੇ ਜਾ ਪਏ। ਵੈਰੀ-ਦਲ ਵਿਚ ਘਬਰਾਹਟ ਤੇ ਭਾਜੜ ਪੈ ਗਈ। ਉਹਨਾਂ ਦੀ ਇਸ ਹਫੜਾ-ਤਫੜੀ ਕਰਕੇ ਸਿੰਘਾਂ ਨੇ ਬਹੁਤ ਸਾਰਾ ਲੁੱਟ ਦਾ ਮਾਲ ਵਾਪਸ ਖੋਹ ਲਿਆ, ਅਤੇ ਅਨੰਦਪੁਰ ਉਤੇ ਮੁੜ ਆ ਕਬਜ਼ਾ ਕੀਤਾ।

ਔਰੰਗਜ਼ੇਬ ਨੂੰ ਇਹ ਖ਼ਬਰ ਕਈ ਹਿੱਸੇ ਵਧਾ ਕੇ ਅਪੜਾਈ ਗਈ। [ਚਲਦਾ


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ ੧੦ ਚਿਤਰ, ੨੭੨ ਪੰਨੇ, ਸੁੰਦਰ ਦੱਖ) ੧੦-੦੦

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | | ੧-੦੦ |
| ਕੇਸਕੀ (ਦਸਤਾਰ) | ੧-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੧-੫੦ |
| ਖਾਲਸਾ ਰਹਿਤ ਮਰਯਾਦਾ (ਟਰੈਕਟ) | ੩-੦੦ | ਕੀ ਕੇਸ ਰਖਣੇ ਜ਼ਰੂਰੀ ਹਨ? | ,, | ੧-੦੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੧-੫੦ | ਗੁਰੁ ਮੇਰੇ ਸੰਗਿ ਸਦਾ ਹੈ ਨਾਲੇ | ,, | ੦-੫੦ |
| ਤਉ ਕਿਉ ਮੁਰਗੀ ਮਾਰੇ (ਤਲਵਾੜਾ ਜੀ) | ੧-੫੦ | ਗੁਰਮਤਿ ਅਨਹਦ ਸ਼ਬਦ | ,, | ੦-੭੫ |
| HAIR—A Divine Gift | 0-40 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | ,, | ੦-੭੫ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | ,, | ੧-੦੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੧-੦੦ | ਜਬ ਲਗ ਖਾਲਸਾ ਰਹੈ ਨਿਆਰਾ | ,, | ੦-੭੫ |
| ਗੁਰਬਾਣੀ ਰਹਿਤਨਾਮਾ ੬੦ (ਪੰਨੇ) | ੧-੫੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | | ੧-੫੦ |
| ਸ੍ਰੀ ਭਗਉਤੀ ਪ੍ਰਬੋਧ (ਚੋਣਵੇਂ ਵਿਦਵਾਨਾਂ ਦੇ ਲੇਖ) | | | | ੨-੦੦ |


www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੧੪)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਨ ਸਵਰਨ ਸਿੰਘ ਜੀ]

[ਲੜੀ ਜੋੜਨ ਲਈ ਵੇਖੋ 'ਸੂਰਾ' ਨਵੰਬਰ ੧੯੯੦]

ਸਾਰਾ ਇਲਾਕਾ ਸਿੱਖਾਂ ਲਈ ਕਤਲਗਾਹ ਹੀ ਬਣਿਆ ਹੋਇਆ ਸੀ। ਜਿਸ ਉਤੇ ਰਤਾ ਵੀ ਸ਼ੱਕ ਪੈ ਜਾਂਦਾ ਕਿ ਉਹ ਸਿੱਖ ਹੈ ਜਾਂ ਕਿਸੇ ਲੁਕੇ ਛੁਪੇ ਢੰਗ ਨਾਲ ਸਿੱਖਾਂ ਦੀ ਹਮਾਇਤ ਕਰਦਾ ਹੈ, ਜਾਂ ਕਿਤੇ ਪਹਿਲਾਂ ਕੀਤੀ ਸੀ, ਝੱਟ ਬੰਨ੍ਹ ਲਿਆ ਜਾਂਦਾ, ਉਸ ਦਾ ਘਰ ਬਾਰ ਲੁੱਟ ਪੁੱਟ ਕੇ ਸਾੜ ਫੂਕ ਦਿਤਾ ਜਾਂਦਾ। ਬਾਲ ਬੱਚਾ ਵੀ ਨਾਲ ਧੂਹਿਆ ਘਸੀਟਿਆ ਜਾਂਦਾ, ਇਕ ਵਾਰ ਜੋ ਫੜਿਆ ਗਿਆ, ਮੁੜ ਜੀਊਂਦਾ ਘਰ ਨਾ ਪਰਤਿਆ। ਇਹ ਮੁਸੀਬਤ ਸਿੱਖਾਂ ਉਤੇ ਉਨ੍ਹਾਂ ਦਿਨਾਂ ਤੋਂ ਉਠੀ ਹੋਈ ਸੀ, ਜਦ ਕਿ ਹੈਦਰੀ ਝੰਡੇ ਵਾਲੇ ਜਹਾਦ ਦੇ ਆਗੂ ਸੱਯਦ ਇਨਾਇਤ, ਅਤਾਉੱਲਾ, ਮੁਹੰਮਦ ਤਕੀ ਖ਼ਾਨ ਆਦਿ ਭੀਲੋਵਾਲ ਪਿੰਡੋਂ ਮਾਰ ਖਾ, ਖੱਜਲ ਖੁਆਰ ਹੋ ਕੇ ਮੁੜੇ ਸਨ। ਮੈਦਾਨ ਵਿਚ ਨਿੱਤਰ ਕੇ ਸਿੰਘਾਂ ਨਾਲ ਟਾਕਰਾ ਕਰ ਸਕਣ ਦੀ ਹਿੰਮਤ ਨਾ ਹੋਣ ਕਰਕੇ ਸ਼ਰਮਿੰਦੇ ਤੇ ਛਿੱਥੇ ਪਏ ਹੋਏ ਜਹਾਦੀ ਮੁਲਾਣਿਆਂ ਨੇ, ਆਪਣੇ ਕੱਟੜ-ਪੰਥੀ ਮੁਸਲਮਾਨ ਹੋਣ ਦੇ ਮਜ਼ਹਬੀ ਜਜ਼ਬਿਆਂ ਨੂੰ ਖੂਬ ਭੜਕਾ ਦਿਤਾ ਕਿ ਕਾਫ਼ਰਾਂ ਨੂੰ ਚੈਨ ਨਾ ਲੈਣ ਦਿਉ। ਜੇ ਢਹੇ ਚੜ੍ਹੇ ਮਾਰ ਮੁਕਾਉ, ਘਰ ਘਾਟ ਲੁੱਟ ਪੁੱਟ ਲਵੋ ਤੇ ਸਾੜ ਫੂਕ ਕੇ ਸਵਾਹ ਕਰ ਦਿਉ। ਮੈਦਾਨ ਵਿਚ ਲੜਨ ਵਾਲੇ ਕਾਬੂ ਨਹੀਂ ਆਉਂਦੇ ਤਾਂ ਸ਼ਹਿਰ ਵਾਲੇ ਸਿਖ ਤਾਂ ਕਿਤੇ ਨਹੀਂ ਗਏ। ਹੈ ਤਾਂ ਇਹ ਵੀ ਸਿਖ, ਕਾਫ਼ਰ ਹੀ ਤਾਂ ਹਨ। ਸਿੱਖਾਂ ਦੀ ਮੌਤ ਇਸਲਾਮ ਦਾ ਵਾਧਾ ਤੇ ਮੋਮਨਾਂ ਲਈ ਅਮਨ ਚੈਨ ਦੀ ਜ਼ਮਾਨਤ।

"ਤਾਰੀਖ਼-ਏ-ਮੁਹੰਮਦ ਸ਼ਾਹੀ"[੧] ਦੀ ਲਿਖਤੀ ਗਵਾਹੀ ਹਾਜ਼ਰ ਹੈ ਕਿ ਬਾਦਸ਼ਾਹ ਵਲੋਂ ਸਿੱਖਾਂ ਦੀ ਖੁਲ੍ਹੀ ਕਤਲਾਮ ਦਾ ਫ਼ੁਰਮਾਨ ਲਾਹੌਰ ਵਿਖੇ ਵੀ ਆਣ ਪੁਜਾ ਸੀ। ਜਿਹੜੇ ਕੱਟੜ-ਪੰਥੀ ਪਹਿਲੋਂ ਹੀ ਸਿੱਖਾਂ ਦੇ ਖ਼ੂਨ ਦੇ ਤਿਹਾਏ ਸਨ, ਇਸ ਸਰਕਾਰੀ ਸ਼ਹਿ ਨਾਲ ਲੋਕਾਂ ਤੇ ਜ਼ੁਲਮ ਅਤੇ ਵਧੀਕੀਆਂ ਕਰਨ ਵਿਚ ਪਾਗ਼ਲਾਂ ਨੂੰ ਮਾਤ ਕਰ ਗਏ। ਇਨ੍ਹਾਂ ਨੇ ਲੋਕਾਂ ਉਤੇ ਅੰਨ੍ਹੇ-ਵਾਹ ਅਤਿਆਚਾਰ ਕਰਨੇ ਸ਼ੁਰੂ ਕਰ ਦਿਤੇ। ਕੌਣ ਇਨਸਾਫ਼ ਕਰੇ ਤੇ ਕਿਸ ਤੋਂ ਸਫ਼ਾਈ ਮੰਗੇ! ਬਾਦਸ਼ਾਹੀ ਫ਼ੁਰਮਾਨ ਨੇ ਤਾਂ ਪਰਜਾ ਉਤੇ ਅਤਿਆਚਾਰਾਂ ਦੇ ਹੱਦ ਬੰਨੇ ਤੋੜ ਦਿਤੇ। ਬਹੁਤ ਸਾਰੇ ਲੋਕ ਸਿੱਖ ਜਾਂ ਸਿੱਖਾਂ ਦੇ ਪੱਖੀ ਗਰਦਾਨ ਕੇ, ਜਾਂ ਝੂਠ ਮੂਠ ਹੀ ਹਮਦਰਦ ਕਹਿ ਕੇ ਮਾਰ ਦਿਤੇ ਗਏ। ਬਹੁਤ ਸਾਰੇ ਹਿੰਦੂਆਂ ਨੂੰ ਸਹਿਜਧਾਰੀ ਸਿੱਖ ਕਹਿ ਕੇ ਮਾਰ ਮੁਕਾਇਆ। ਜਨੂੰਨੀ ਕੱਟੜਾਂ ਨੇ ਨਿਰੋਲ ਹਿੰਦੂਆਂ ਦੀ ਪੂਜਾ ਨੂੰ ਇਸਲਾਮੀ ਸ਼ਹਿਰ ਵਿਚ ਕੁਫ਼ਰ ਦਾ ਹੋ ਰਿਹਾ ਵਾਧਾ ਕਹਿ ਕੇ ਰੋਕਣਾ ਸ਼ੁਰੂ ਕਰ ਦਿਤਾ। ਇਹ ਲੋਕ ਬਹੁਤ ਹੀ ਬੇ-ਲਗਾਮ ਤੇ ਬੇ-ਰਹਿਮ ਹੋ ਗਏ।

ਕਾਫੀ ਸਮੇਂ ਤੋਂ ਰਾਵੀ-ਕੰਢੇ ਬਾਦਸ਼ਾਹੀ ਮਹਿਲ ਪਾਸ ਸੰਨਿਆਸੀਆਂ ਦਾ ਇਕ ਮੱਠ ਸੀ, ਜਿਥੇ ਉਹ ਤਪੱਸਿਆ ਤੇ ਸਮਾਧੀ ਵਿਚ ਮਗਨ ਰਹਿੰਦੇ ਸਨ। ਇਨ੍ਹਾਂ ਲੋਕਾਂ ਦਾ ਦੁਨਿਆਵੀ ਕਾਰ ਵਿਹਾਰ ਨਾਲ ਕੋਈ ਸਰੋਕਾਰ ਨਹੀਂ ਸੀ ਤੇ ਨਾ ਹੀ ਇਹ ਕਿਸੇ ਹਿੰਦੂ ਮੁਸਲਮਾਨਾਂ ਦੇ ਆਪਸੀ ਝੇੜੇ ਵਿਚ ਹਿੱਸਾ ਲੈਂਦੇ ਸਨ। ਇਹ ਈਸ਼ਵਰ ਭਗਤੀ ਵਿਚ ਮਸਤ ਰਹਿੰਦੇ ਤੇ ਹਰ ਕਿਸੇ ਨੂੰ ਇਕ ਨਜ਼ਰ ਵੇਖਦੇ ਸਨ। ਇਕ ਦਿਨ ਲੁਚੇ ਲਫੰਗੇ ਮੁਸਲਮਾਨਾਂ ਦਾ ਇਕ ਮੁਸਲਮਾਨਾਂ ਦਾ ਇਕ ਭੂਤਰਿਆ ਹਜੂਮ ਇਸ ਪਾਸੇ ਆ ਨਿਕਲਿਆ। ਇਕ ਬਿਰਧ ਅਵਧੂਤ ਜ਼ਨਾਨੀ ਈਸ਼ਵਰ ਭਗਤੀ ਵਿਚ ਸਮਾਧੀ ਲਾ ਕੇ ਬੈਠੀ ਸੀ। ਇਕ ਬੇ-ਰਹਿਮ ਗੁੰਡੇ ਮੁਸਲਮਾਨ ਨੇ ਅਗੇ ਵਧ ਕੇ ਅਕਾਰਨ ਹੀ ਛੁਰਾ ਮਾਰ ਕੇ ਉਸ ਦਾ ਢਿੱਡ ਪਾੜ ਦਿਤਾ। ਉਸ ਦੀ ਖੋਪਰੀ ਵੀ ਤੋੜ ਦਿਤੀ। ਉਸ ਦੇ ਜ਼ਖਮ ਚੋਂ ਇਸ ਤਰ੍ਹਾਂ ਲਹੂ ਵਗ ਤੁਰਿਆ, ਜਿਵੇਂ ਕਿਸੇ ਝਰਨੇ ਵਿਚੋਂ ਪਾਣੀ ਆਪ-ਮੁਹਾਰਾ ਧਲ ਧਲ ਵਗ ਤੁਰਦਾ ਹੈ। ਦੋ ਕੁ ਘੰਟੇ ਦੇ



www.AKJ.Org

ਸਮੇਂ ਵਿਚ ਉਸ ਜ਼ਖ਼ਮ ਵਿਚੋਂ ਦੋ ਤਿੰਨ ਵਾਰ ਰੌਸ਼ਨੀ ਦੀ ਕਿਰਨ ਜਿਹੀ ਨਿਕਲ ਕੇ ਹਵਾ ਵਿਚ ਅਲੋਪ ਹੋ ਜਾਂਦੀ। ਜਿੰਨੇ ਵੀ ਏਥੇ ਹਿੰਦੂ ਤੇ ਰੱਬ ਦੇ ਭੈਅ ਵਾਲੇ ਨੇਕ ਮੁਸਲਮਾਨ ਇਕੱਠੇ ਹੋ ਗਏ ਸਨ, ਉਨ੍ਹਾਂ ਨੂੰ ਇਹ ਦੁਖਦਾਈ ਘਟਨਾ ਵੇਖ ਕੇ ਬੜਾ ਅਚੰਭਾ ਤੇ ਅਫ਼ਸੋਸ ਹੋਇਆ। ਪਰ ਮੁਸਲਮਾਨੀ ਪੱਖ-ਪਾਤ ਤੋਂ ਡਰਦਿਆਂ ਕਿਸੇ ਨੇ ਮੂੰਹ ਨਾ ਖੋਲ੍ਹਿਆ, ਨਾ ਉਨ੍ਹਾਂ ਬੇਕਿਰਕਾਂ ਨੂੰ ਕਿਸੇ ਮਾੜਾ ਆਖਿਆ। ਸਗੋਂ ਜਨੂੰਨ-ਵੱਸ ਉਹ ਕਈ ਕਿਸਮ ਦੀ ਬਕਵਾਸ ਕਰਦੇ ਰਹੇ। ਇਸ ਤੋਂ ਬਾਅਦ ਇਸ ਤੋਂ ਵੀ ਜ਼ਿਆਦਾ ਦੁਖਦਾਈ ਘਟਨਾ ਵਾਪਰ ਗਈ।

ਹਿੰਦੂ ਮੁਸਲਮਾਨ ਫ਼ਸਾਦ–

ਇਹ ਘਟਨਾ ਇੰਜ ਵਾਪਰੀ ਕਿ ਇਨਾਇਤੁਲਾ ਖਾਨਿ-ਸਾਮਾਨ ਦੇ ਹਿੰਦੂ ਮੁਤਸੱਦੀ ਸ਼ਿਵ ਸਿੰਘ ਦੇ ਇਕ ਰਿਸ਼ਤੇਦਾਰ ਦੇ ਪੁਤਰ ਨੂੰ ਮਾਤਾ ਨਿਕਲੀ ਹੋਈ ਸੀ ਤੇ. ਇਹ ਹਿੰਦੂ ਲੋਕ ਆਪਣੀ ਧਰਮ-ਰੀਤੀ ਅਨੁਸਾਰ ਸੀਤਲਾ ਮਾਤਾ ਦੀ ਪੂਜਾ ਕਰਨ ਲਈ ਗਾਉਂਦੇ ਤੇ ਢੋਲ ਵਜਾਉਂਦੇ ਸੀਤਲਾ ਦੇਵੀ ਮੰਦਰ ਨੂੰ ਜਾ ਰਹੇ ਸਨ। ਇਹ ਵੇਖ ਕੇ ਲਾਹੌਰ ਦੇ ਕਟੜ ਮੌਲਵੀ ਮੁਲਾਣਿਆਂ ਨੇ ਇਸਲਾਮ ਦੇ ਨਾਂ ਉਤੇ ਦੁਹਾਈ ਮਚਾ ਦਿਤੀ ਕਿ ਸ਼ਹਿਰ ਵਿਚ ਹਿੰਦੂ ਕੁਫ਼ਰ ਦਾ ਵਾਧਾ ਕਰੀ ਜਾ ਰਹੇ ਹਨ ਤੇ ਇਸਲਾਮ ਦੀ ਹਾਨੀ ਹੋ ਰਹੀ ਹੈ। ਇਹ ਰੌਲਾ ਸੁਣ ਕੇ ਤੇ ਵੇਖਾ-ਵੇਖੀ ਹਮੂੰ ਤੁਮਹੂੰ ਮੁਸਲਮਾਨ ਲੱਖ ਕੁ ਦੀ ਗਿਣਤੀ ਵਿਚ ਇਕੱਠੇ ਹੋ ਗਏ। ਇਨ੍ਹਾਂ ਵਿਚ ਬਹੁਤੇ ਜੁਲਾਹੇ, ਮੋਚੀ ਤੇ ਅਰਾਈਂ ਸਨ। ਇਨ੍ਹਾਂ ਫ਼ਸਾਦੀਆਂ ਦਾ ਮੋਢੀ ਸ਼ਹਿਰ ਦੇ ਲੇਖਾਕਾਰ ਦਾ ਮਿੱਤਰ ਇਕ ਵਰਦੀ ਬੇਗ ਨਾਮੀ ਸੀ, ਜਿਸ ਦੀ ਪਿੱਠ ਉਤੇ ਮੌਲਾਣਿਆਂ ਦਾ ਹੱਥ ਸੀ। ਸ਼ਾਹੀ ਫ਼ੁਰਮਾਨ ਭਾਵੇਂ ਨਿਰੋਲ ਸਿੱਖਾਂ ਵਿਰੁਧ ਸੀ, ਪਰ ਮੁਲਾਣਿਆਂ ਰੰਗ ਇਹ ਦਿਤਾ ਕਿ ਹਿੰਦੂ ਹੋਣ ਜਾਂ ਸਿਖ, ਹਨ ਤਾਂ ਕਾਫ਼ਰ ਹੀ। ਹਿੰਦੂਆਂ ਦੀ ਵੀ ਨਾਲ ਹੀ ਬਰਬਾਦੀ ਕਰੋ।

ਜਿਸ ਨੇ ਰਿਆਇਆ ਦੀ ਰਾਖੀ ਕਰਨੀ ਹੈ, ਉਹ ਬਾਦਸ਼ਾਹ ਤਾਂ ਸਿੱਖਾਂ ਵਿਰੁਧ ਕਤਲਾਮ ਦਾ ਹੁਕਮ ਜਾਰੀ ਕਰ ਰਿਹਾ ਹੈ। ਮੌਲਾਣਿਆਂ ਇਸ ਫ਼ੁਰਮਾਨ ਦੀ ਫਾਹੀ ਹਿੰਦੂਆਂ ਦੇ ਗਲ ਵੀ ਪਾ ਦਿਤੀ। ਹੁਣ ਇਨ੍ਹਾਂ ਨੂੰ ਪਾਗਲ ਤੇ ਕਟੜ ਪੰਥੀਆਂ ਤੋਂ ਕੌਣ ਬਚਾਵੇ। ਬਸ ਫਿਰ ਕੀ ਸੀ? ਇਨ੍ਹਾਂ ਮੱਛਰੇ ਫ਼ਸਾਦੀਆਂ ਨੇ ਸ਼ਹਿਰ ਦੇ ਨਿਹੱਥੇ ਅਤੇ ਬੇਆਸਰਾ ਹਿੰਦੂਆਂ ਨੂੰ ਲੁਟਣਾ ਮਾਰਨਾ ਸ਼ੁਰੂ ਕਰ ਦਿਤਾ। ਹਿੰਦੂਆਂ ਦੀ ਡਰਦਿਆਂ ਦੀ ਕੀ ਤਾਕਤ, ਜੋ ਅਗੋਂ ਹੱਥ ਚੁੱਕਣ, ਚੁਪ ਚਾਪ ਸਾਰੇ ਨਿਰਾਦਰ ਸਹਾਰੀ ਜਾਂਦੇ ਸਨ। ਪਲੋ ਪਲੀ ਇਹ ਭੜਕੀ ਹੋਈ ਅੱਗ ਵਧਦੀ ਜਾ ਰਹੀ ਸੀ। ਪਰ ਜ਼ੁਲਮ ਦੀ ਵੀ ਕੋਈ ਹੱਦ ਹੁੰਦੀ ਹੈ। ਭਲੇ ਨੂੰ ਜੇ ਕਿਧਰੇ ਬਚਨ ਸਿੰਘ ਕਛਵਾਹਾ ਅਤੇ ਬਚਨ ਸਿੰਘ ਬੁੰਦੇਲਾ, ਜੋ ਬਾਦਸ਼ਾਹ ਵਲੋਂ ਸ਼ਹਿਰ ਦੀ ਰਾਖੀ ਲਈ ਨਿਯੁਕਤ ਸਨ, ਮੌਕਾ ਸੰਭਾਲ ਕੇ ਵੇਲੇ ਸਿਰ ਇਨ੍ਹਾਂ ਰਖਿਆ-ਹੀਣਾਂ ਦੀ ਸਹਾਇਤਾ ਨਾ ਕਰਦੇ ਤਾਂ ਸ਼ਾਇਦ ਸ਼ਹਿਰ ਦੀ ਬਹੁਤ ਸਾਰੀ ਹਿੰਦੂ ਆਬਾਦੀ ਮਾਰ ਕੇ ਮੁਕਾ ਹੀ ਦਿਤੀ ਜਾਂਦੀ। ਇਸ ਗੰਭੀਰ ਸਮੇਂ ਦੋਹਾਂ ਸਰਦਾਰਾਂ ਨੇ ਸ਼ਹਿਰੋਂ ਬਾਹਰ ਇਕ ਚੰਗੀ ਸੁਰੱਖਿਅਤ ਥਾਂ ਮੱਲ ਲਈ। ਸ਼ਹਿਰ ਵਿਚ ਢੋਲ ਵਜਾ ਕੇ ਢੰਡੋਰਾ ਪਿਟਵਾ ਦਿਤਾ ਕਿ ਸ਼ਹਿਰ ਦੇ ਹਿੰਦੂ ਸਾਡੇ ਪਾਸ ਆ ਜਾਣ, ਸਭ ਹਿੰਦੂ ਨੌਕਰਾਂ ਨੇ ਲਾਹੌਰ ਦੀ ਨੌਕਰੀ ਛਡ ਦਿਤੀ ਤੇ ਸ਼ਹਿਰੀਆਂ ਨਾਲ ਰਲ ਕੇ ਮੁਸਲਮਾਨਾਂ ਨਾਲ ਸਿਝਣ ਖ਼ਾਤਰ ਲੜਨ ਲਈ ਤਿਆਰ ਹੋ ਗਏ। ਇਕ ਝੜਪ ਵਿਚ ਮੁਸਲਮਾਨ ਫ਼ਸਾਦੀਆਂ ਦੀ ਬੁਰੀ ਹਾਲਤ ਹੋਈ। ਜ਼ਬਰਦਸਤ ਖ਼ਾਨ ਨੇ ਤੇਜ਼ੀ ਨਾਲ ਵਿਗੜਦੇ ਜਾਂਦੇ ਹਾਲਾਤ ਦੀ ਨਜ਼ਾਕਤ ਨੂੰ ਭਾਂਪ ਲਿਆ ਤੇ ਸੂਬੇ ਅਸਲਮ ਬੇਗ ਨੂੰ ਸਮਝਾਇਆ ਕਿ ਰੌਲੇ ਦੀ ਅੱਗ ਨੂੰ ਠੰਡਾ ਕਰੇ, ਨਹੀਂ ਤਾਂ ਗੱਲ ਵੱਸੋਂ ਵਧ ਜਾਏਗੀ। ਹਿੰਦੂਆਂ ਦਾ ਹੱਥ ਹੁਣ ਉੱਚਾ ਸੀ। ਨਾਜ਼ਮ ਨੇ ਇਹ ਸਲਾਹ ਮੰਨ ਕੇ ਦੋਹਾਂ ਧਿਰਾਂ ਵਿਚ ਪੈ ਕੇ ਠੰਡ-ਠੰਡੋਲਾ ਕਰਾ ਦਿਤਾ ਤੇ ਸ਼ਹਿਰ ਨੂੰ ਹੋਰ ਨੁਕਸਾਨ ਤੋਂ ਬਚਾ ਲਿਆ।[2]

"ਤਾਰੀਖ਼-ਏ-ਮੁਹੰਮਦ ਸ਼ਾਹੀ" ਦਾ ਕਰਤਾ ਅਗੇ ਜ਼ਿਕਰ ਕਰਦਾ ਹੈ ਕਿ ਅਸਲੀਅਤ ਦੇ ਬਿਲਕੁਲ ਉਲਟ, ਇਨ੍ਹਾਂ ਬੇਸਮਝੀ ਦੇ ਗੁਸੇ ਮੂਰਖ ਕਟੜਾਂ ਨੇ ਬਾਦਸ਼ਾਹ ਪਾਸ ਜਾ ਸ਼ਿਕਾਇਤ ਕੀਤੀ ਕਿ ਲਾਹੌਰ ਵਿਚ ਜੋ ਫ਼ਸਾਦ ਹੋਇਆ ਹੈ, ਇਸ ਵਿਚ ਹਿੰਦੂਆਂ ਨੇ ਮੁਸਲਮਾਨਾਂ ਦਾ ਪੁਜ ਕੇ ਬੜਾ ਨੁਕਸਾਨ ਕੀਤਾ ਹੈ। ਕੁਝ ਨੀਚ



www.AKJ.Org

ਤੇ ਸੁਆਰਥੀ ਬੰਦਿਆਂ ਨੇ ਬਾਦਸ਼ਾਹ ਨੂੰ ਹੋਰ ਤੁਖਣਾ ਦਿਤੀ ਕਿ ਹਿੰਦੂਆਂ ਮੁਸਲਮਾਨਾਂ ਦਾ ਕੀ ਨੁਕਸਾਨ ਕਰ ਸਕਣੇਂ, ਹਿੰਦੂਆਂ ਦੇ ਰੂਪ ਵਿਚ ਇਹ ਸਾਰੀ ਸਿੱਖਾਂ ਦੀ ਹੀ ਮਿਹਰਬਾਨੀ ਹੈ। ਇਨ੍ਹਾਂ ਸ਼ਿਕਾਇਤ ਕਰਨ ਆਏ ਮੁਸਲਮਾਨਾਂ ਨੂੰ ਬਾਦਸ਼ਾਹ ਨੇ ਕੁਰਾਨ ਸ਼ਰੀਫ਼ ਤੇ ਹਦੀਸ ਦੇ ਹਵਾਲਿਆਂ ਨਾਲ ਨਸੀਹਤਾਂ ਕੀਤੀਆਂ ਅਤੇ ਸਿੱਖਾਂ ਤੇ ਹਿੰਦੂਆਂ ਵਿਚਕਾਰ ਪਛਾਣ ਕਰਨ ਲਈ ਆਪਣਾ ਸ਼ਾਹੀ ਫ਼ੁਰਮਾਨ ਮੁੜ ਨਵੇਂ ਸਿਰਿਓਂ ਚਾਲੂ ਕੀਤਾ ਕਿ ਬਾਦਸ਼ਾਹੀ ਲਸ਼ਕਰ ਦੇ ਸਾਰੇ ਹਿੰਦੂ ਆਪਣੀਆਂ ਦਾੜ੍ਹੀਆਂ ਮੁਨਾ ਦੇਣ ਤੇ ਅਗੇ ਤੋਂ ਕੋਈ ਸਰਕਾਰੀ ਮੁਲਾਜ਼ਮ ਹਿੰਦੂ ਦਾੜ੍ਹੀ ਨਾ ਰਖੇ। ਸਿੱਖਾਂ ਤੇ ਹਿੰਦੂਆਂ ਵਿਚਕਾਰ ਕੇਸ ਤੇ ਦਾੜ੍ਹੀ ਹੀ ਪਛਾਣ ਦੇ ਚਿੰਨ੍ਹ ਹਨ। ਗ਼ੁਲਾਮ ਹੁਸੈਨ ਖ਼ਾਨ ਦੀ ਕਿਤਾਬ "ਸੀਅਰੁਲ ਮੁਤਾਖ਼ਰੀਨ" ਅਨੁਸਾਰ ਸਿਖ ਕਿਸੇ ਵੀ ਹਾਲਤ ਵਿਚ ਭਾਵੇਂ ਮੌਤ ਦਾ ਕਸ਼ਟ ਤੇ ਭੈਅ ਵੀ ਸਾਮ੍ਹਣੇ ਕਿਉਂ ਨਾ ਦਿਸਦਾ ਹੋਵੇ, ਆਪਣੇ ਕੇਸ ਦਾੜ੍ਹੀ ਜਾਂ ਸਰੀਰ ਦੇ ਕਿਸੇ ਹਿਸੇ ਦੇ ਭੀ ਰੋਮ ਨਹੀਂ ਕਟਵਾਉਣ ਜਾਂ ਮੁਨਾਉਣਗੇ।

ਇਸ ਫ਼ੁਰਮਾਨ ਨੇ ਇਹ ਰੰਗ ਫੜਿਆ ਕਿ ਹਿੰਦੂਆਂ ਦੀ ਹੋਰ ਵੀ ਬੁਰੀ ਗਤ ਬਣੀ ਤੇ ਬਹੁਤ ਜ਼ਲੀਲ ਕੀਤਾ ਗਿਆ। ਹੁਕਮ ਤਾਂ ਸਿਰਫ਼ ਕੇਸ ਦਾੜ੍ਹੀਆਂ ਮੁੰਨਣ ਦਾ ਸੀ, ਪਰ ਇਸ ਤੇ ਅਮਲ ਕਰਨ ਵਾਲਿਆਂ ਕੀ ਕੀਤਾ, ਜ਼ਰਾ ਸ਼ਾਹ ਜਹਾਨਾਬਾਦ ਦੇ ਫ਼ੌਜਦਾਰ ਯਾਰ ਮੁਹੰਮਦ ਖਾਨ ਕਲੰਦਰ ਦੇ "ਦਸਤੂਰੁਲ ਇਨਸ਼ਾ" ਅਤੇ ਰੁਕਾਤਿ-ਅਮੀਨੁ ਦੌਲਾ ਦੇ [3]ਪੰਜਵੇਂ ਰੁਕੇ ਵਿਚ ਪੂਰੀ ਤਸਵੀਰ ਦਿਤੀ ਹੋਈ ਹੈ ਜੋ ਇਸ ਪ੍ਰਕਾਰ ਹੈ:

ਜਿਸ ਦਿਨ ਨਾਨਕ-ਪ੍ਰਸਤਾਂ (ਨਾਨਕ ਨੂੰ ਮੰਨਣ ਪੂਜਣ ਵਾਲੇ–ਸਿਖਾਂ) ਨੂੰ ਉਨ੍ਹਾਂ ਦੇ ਕੀਤੇ ਬੁਰੇ ਕੰਮਾਂ (ਮਾੜੀਆਂ ਕਰਤੂਤਾਂ) ਦੀ ਸਜ਼ਾ ਮਿਲੀ, ਓਸੇ ਦਿਨ ਬਾਦਸ਼ਾਹੀ ਫ਼ੁਰਮਾਨ ਜਾਰੀ ਹੋਇਆ ਕਿ ਸ਼ਾਹੀ ਲਸ਼ਕਰ ਦੇ ਸਾਰੇ ਹਿੰਦੂਆਂ ਦੀਆਂ ਦਾੜ੍ਹੀਆਂ ਮੁੰਨ ਦਿਤੀਆਂ ਜਾਣ ਅਤੇ ਸਾਰੇ ਸੂਬਿਆਂ ਵਿਚ ਹੁਕਮ ਉਜਾਗਰ ਕਰ ਦਿਤਾ ਜਾਏ ਕਿ ਕੋਈ ਬੇਦੀਨ (ਗ਼ੈਰ-ਮੁਸਲਿਮ, ਜੋ ਮੁਸਲਮਾਨ ਨਾ ਹੋਵੇ) ਦਾੜ੍ਹੀ ਲੰਮੀ ਨਾ ਵਧਾਏ ਅਤੇ ਜੋ ਕੋਈ ਇਹੋ ਜਿਹਾ ਲੰਮੀ ਰਖੀ ਦਾੜ੍ਹੀ ਵਾਲਾ ਮਿਲ ਜਾਏ ਤਾਂ ਉਸ ਦੀ ਦਾੜ੍ਹੀ ਫੜ ਕੇ ਪੁਟ ਦਿਤੀ ਜਾਏ। ਚੁਨਾਂਚਿ ਸਾਰੇ ਬਾਦਸ਼ਾਹੀ ਸੂਬਿਆਂ ਵਿਚ ਇਹ ਗੱਲ ਚੰਗੂ ਫੈਲਾ ਦਿਤੀ ਗਈ। ਬਾਦਸ਼ਾਹੀ ਕੰਪੂ ਵਿਚ ਇਸ ਹੁਕਮ ਉਤੇ ਅਮਲ ਨੇ ਇਹ ਸ਼ਕਲ ਅਖ਼ਤਿਆਰ ਕਰ ਲਈ ਕਿ ਫ਼ੌਜਾਂ ਦੇ ਕਦੋਰ ਸਰਦਾਰ (ਕਦਾਵਰ, ਵੱਡਿਆਂ ਕੱਦਾਂ ਵਾਲੇ ਭਲਵਾਨ) ਨਾਈਆਂ ਨੂੰ ਨਾਲ ਲਈ, ਚੂੜ੍ਹਿਆਂ ਦੇ ਗੰਦਗੀ ਢੋਣ ਵਾਲੇ ਭਾਂਡਿਆਂ ਵਿਚ ਗੰਦਾ ਪਲੀਦ ਪਾਣੀ ਲੈ ਕੇ ਗਲੀਆਂ ਬਾਜ਼ਾਰਾਂ ਵਿਚ ਨਿਕਲ ਪਏ ਤੇ ਜਿਸ ਕਿਸੇ ਲੰਮੀ ਦਾੜ੍ਹੀ ਵਾਲੇ ਬੇਦੀਨ ਨੂੰ ਵੇਖਦੇ, ਫੜ ਕੇ ਬੜੀ ਨਿਰਾਦਰੀ ਤੇ ਜ਼ਲੀਲ ਕਰਨ ਵਾਲੇ ਢੰਗ ਨਾਲ ਉਸ ਦੀ ਦਾੜ੍ਹੀ ਮੁੰਨ ਦੇਂਦੇ, ਉਸ ਦੀ ਪਗੜੀ ਤੇ ਲਿਬਾਸ ਲਾਹ ਲੈਂਦੇ। ਬਾਦਸ਼ਾਹ ਅਤੇ ਸ਼ਹਿਜ਼ਾਦਿਆਂ ਦੇ ਦਫ਼ਤਰ ਦੇ ਜਾਣਕਾਰ (ਜਿਨ੍ਹਾਂ ਨੂੰ ਇਸ ਫ਼ੁਰਮਾਨ ਦਾ ਪਤਾ ਲੱਗ ਗਿਆ ਸੀ) ਅਤੇ ਦੂਸਰੇ ਜਾਣੂ ਉਘੇ ਹਿੰਦੂ ਆਪਣੀਆਂ ਦਾੜ੍ਹੀਆਂ ਘਰੀਂ ਹੀ ਆਪਣੇ ਆਪ ਮੁਨਵਾ ਕੇ, ਆਪਣੇ ਮਾਲਕਾਂ ਦੀ ਖ਼ਿਦਮਤ ਵਿਚ ਹਾਜ਼ਰ ਹੁੰਦੇ ਸਨ। ਚੁਨਾਂਚਿ ਇਹ ਗੱਲ ਜ਼ੋਰ ਫੜਦੀ ਗਈ ਅਤੇ ਦਿਨੋ ਦਿਨ ਓਦੋਂ ਤਕ ਜ਼ਿਆਦਾ ਵਧਦੀ ਗਈ ਜਦ ਕਿ ਬਾਦਸ਼ਾਹੀ ਡੇਰਾ ਲਾਹੌਰ ਦੇ ਲਾਗੇ ਜਾ ਪੁਜਾ ਅਤੇ ਬਾਦਸ਼ਾਹ ਦੇ ਤਖ਼ਤ ਉਤੇ ਬੈਠਣ ਦੀ ਮੁਬਾਰਕ ਰਸਮ ਲਈ ਤਿਆਰੀਆਂ ਦਾ ਹੁਕਮ ਸਾਦਰ ਹੋ ਗਿਆ।

ਬਾਦਸ਼ਾਹ ਦੇ ਲਾਹੌਰ ਪੁਜਣ ਤੋਂ ਪਹਿਲਾਂ ਪਹਿਲਾਂ ਹੀ ਸੂਬੇਦਾਰ ਅਸਲਮ ਖ਼ਾਨ ਨੇ ਹਿੰਦੂ ਮੁਸਲਮਾਨਾਂ ਵਿਚਕਾਰ ਫ਼ਸਾਦਾਂ ਨੂੰ ਠਲ੍ਹ ਪਾ ਦਿਤੀ ਸੀ। ਫਿਰ ਹਿੰਦੂਆਂ ਦੀਆਂ ਦਾੜ੍ਹੀਆਂ ਮੁੰਨੇ ਜਾਣ ਤੇ ਆ ਕੇ ਗੱਲ ਰੁਕ ਗਈ। ਕੁਝ ਅਮਨ ਵਰਗੀ ਸਥਿਤੀ ਬਣ ਗਈ। ਪਰ ਸਿੱਖਾਂ ਉਤੇ ਮੁਸੀਬਤਾਂ ਦੀਆਂ ਕੰਧਾਂ ਉਸੇ ਤਰ੍ਹਾਂ ਢਹਿੰਦੀਆਂ ਰਹੀਆਂ। ਸ਼ਹਿਰ ਵਿਚ ਵਸਣ ਵਾਲੇ ਸਿੱਖਾਂ ਨੂੰ ਮਾਰ ਖਪਾਉਣ ਤੋਂ ਪਿਛੋਂ ਪਿੰਡਾਂ ਦੇ ਵਸਨੀਕਾਂ ਦੀ ਵਾਰੀ ਆਈ। ਹਿੰਦੂ ਰਹੁ-ਰੀਤਾਂ ਨੂੰ ਮੰਨਣ ਵਾਲੇ ਪੇਂਡੂ, ਜੋ ਪਹਿਲਾਂ ਹੀ ਨਗਾਹੀਏ ਸੁਲਤਾਨੀਏ ਬਣੇ ਹੋਏ ਸਨ ਤੇ ਜ਼ਾਤ ਧਰਮ ਵਲੋਂ ਮੁਸਲਮਾਨਾਂ ਵਿਚ ਮਿਲਗੋਭਾ ਜਿਹਾ ਬਣੇ ਹੋਏ ਸਨ, ਝਟ ਦਾੜ੍ਹੀ ਮੁੱਛ ਤੇ ਕੇਸ ਮੁਨ੍ਹਾ ਕੇ


www.AKJ.Org

ਸੁਰੱਖਿਅਤ ਹੋ ਗਏ। ਪਰ ਸਿਖ ਤਾਂ ਇੰਜ ਕਰ ਨਹੀਂ ਸਨ ਸਕਦੇ। ਉਨ੍ਹਾਂ ਨੂੰ ਜਾਨ ਜਾਇਦਾਦ ਨਾਲੋਂ ਧਰਮ ਪਿਆਰਾ ਸੀ। ਸਭ ਪੱਗ-ਬੰਨ੍ਹ ਜੰਗਲ-ਬੇਲੀਂ ਹੋ ਬੈਠੇ। ਕੁਝ ਮਨਚਲੇ ਨਿੱਕੇ ਨਿੱਕੇ ਗਰੋਹ ਬਣਾ ਕੇ ਮਾਰਾਂ ਧਾੜਾਂ ਕਰ ਕੇ ਗੁਜ਼ਾਰਾ ਚਲਾਉਣ ਲਗੇ। ਜੋ ਜ਼ਿਆਦਾ ਜੁਸ਼ੀਲੇ ਤੇ ਸਿੱਡੇ ਵਾਲੇ ਸਨ, ਉਹ ਬੰਦਾ ਸਿੰਘ ਬਹਾਦਰ ਦੇ ਦਲ ਵਲ ਧਾਈ ਕਰ ਕੇ ਜਾ ਮਿਲੇ।

ਜਿਸ ਸਮੇਂ ਬਾਦਸ਼ਾਹ ਲਾਹੌਰ ਵਿਖੇ ਆਣ ਟਿਕਿਆ ਸੀ, ਬੰਦਾ ਸਿੰਘ ਜਮੂੰ ਦੀਆਂ ਪਹਾੜੀਆਂ ਚੋਂ ਨਿਕਲ ਕੇ ਦਖਣ ਚੜ੍ਹਦੇ ਨੂੰ ਚਾਲੇ ਪਾ ਗਿਆ। ਮੁਹੰਮਦ ਖ਼ਾਨ ਫ਼ੌਜ ਲੈ ਕੇ, ਉਸ ਦੀ ਸੂਹਾਂ ਕੱਢ ਕੇ ਉਸ ਦੇ ਪਿਛੇ ਪਿਛੇ ਪਿਆ ਰਿਹਾ। ਬਾਦਸ਼ਾਹ ਆਪ ਤਾਂ ਬੰਦਾ ਸਿੰਘ ਦੇ ਪਿਛੇ ਪੈਣ ਲਈ ਲਾਹੌਰੋਂ ਬਾਹਰ ਨਾ ਨਿਕਲਿਆ। ਹਾਂ ਜਦ ਉਸ ਨੂੰ ਬੰਦਾ ਸਿੰਘ ਤੇ ਉਸ ਦੇ ਸਿੰਘਾਂ ਬਾਰੇ ਕੋਈ ਖ਼ਬਰ ਮਿਲਦੀ, ਉਨ੍ਹਾਂ ਵਿਰੁਧ ਕੋਈ ਜ਼ਰੂਰੀ ਕਾਰਵਾਈ ਕਰਨ ਲਈ ਲਾਹੌਰੋਂ ਹੁਕਮ ਜਾਰੀ ਕਰ ਦੇਂਦਾ।

### ਬਾਦਸ਼ਾਹ ਦਾ ਬੀਮਾਰ ਪੈਣਾ, ਪਾਗਲ ਹੋਣਾ, ਫਿਰ ਮੌਤ–

੧ ਜ਼ੀ-ਅਲਹਿੱਜਾ ੧੧੨੩ ਹਿਜਰੀ (੩੦ ਦਸੰਬਰ ੧੭੧੧) ਨੂੰ ਬਹਾਦਰ ਸ਼ਾਹ ਦੇ ਰਾਜ ਦਾ ਛੇਵਾਂ ਸਾਲ ਸ਼ੁਰੂ ਹੋਇਆ। ਜਨਵਰੀ ੧੭੧੨ ਈ: ਨੂੰ ਉਸ ਦੀ ਤਬੀਅਤ ਕੁਝ ਢਿਲੀ ਹੋਈ ਤੇ ਫਿਰ ਦਿਨੋ ਦਿਨ ਉਸ ਦੀ ਹਾਲਤ ਵਿਗੜਦੀ ਗਈ। ਪਿਛੋਂ ਉਸ ਦੇ ਦਿਮਾਗ਼ ਵਿਚ ਨੁਕਸ ਪੈ ਜਾਣ ਦੇ ਨਿਸ਼ਾਨ ਜ਼ਾਹਰ ਹੋਣ ਲੱਗੇ। ਉਸ ਦੇ ਪਾਸ ਰਹਿਣ ਵਾਲਿਆਂ ਨੂੰ ਇੰਜ ਲਗਦਾ ਸੀ ਕਿ ਉਸ ਨੂੰ ਵਹਿਮ (ਭਰਮ) ਦੀ ਬੀਮਾਰੀ ਹੋ ਗਈ ਹੈ। ਫ਼ਰਵਰੀ ਦਾ ਦੂਜਾ ਹਫ਼ਤਾ ਸੀ ਕਿ ਇਕ ਦਿਨ ਉਸ ਦੇ ਦਿਮਾਗ ਵਿਚ ਐਸੀ ਗੱਲ ਸਮਾਈ ਕਿ ਹੁਕਮ ਦੇ ਦਿਤਾ ਕਿ ਬਾਦਸ਼ਾਹੀ ਡੇਰੇ ਦੇ ਸਾਰੇ ਕੁੱਤੇ ਤੇ ਖੋਤੇ ਮਾਰ ਦਿਤੇ ਜਾਣ। ਹਿੰਦੂ ਜੋਗੀਆਂ, ਸਾਧੂ ਸੰਨਿਆਸੀਆਂ ਨੂੰ ਕਢ ਦਿਤਾ ਜਾਵੇ। ਪੰਜਾਬ ਵਿਚ ਇਹ ਪੁਰਾਣਾ ਵਹਿਮ ਹੈ ਕਿ ਕੁੱਤੇ ਓਦੋਂ ਰੋਂਦੇ ਹਨ ਜਦ ਉਨ੍ਹਾਂ ਨੂੰ ਜਮਦੂਤ ਨਜ਼ਰ ਆਉਣ। ਬਾਦਸ਼ਾਹ ਬੀਮਾਰ ਸੀ ਤੇ ਉਸ ਦਾ ਵਹਿਮ ਵੀ ਬਹੁਤ ਵਧ ਗਿਆ ਸੀ। ਇਸ ਹਾਲਤ ਵਿਚ ਕੁੱਤਿਆਂ ਦਾ ਰੋਣਾ ਸੁਣ ਕੇ ਉਸ ਨੂੰ ਮੌਤ ਦਾ ਭੈ ਆਉਣ ਲੱਗ ਪਿਆ ਹੋਵੇ। ਬਾਦਸ਼ਾਹ ਦਾ ਹੁਕਮ ਹੋਣ ਕਰਕੇ ਹਰ ਰੋਜ਼ ਸੈਂਕੜੇ ਕੁੱਤੇ ਮਾਰੇ ਜਾਣ ਲੱਗ ਪਏ। ਇਕ ਅਧਿਕਾਰੀ ਅਮੀਨ ਦੀਨ, ਜਿਸ ਦਾ ਤੰਬੂ ਰਾਵੀ ਦੇ ਕੰਢੇ ਸੀ, ਉਸ ਨੇ ਆਪ ਵੇਖਿਆ ਕਿ ਪਹੁ-ਫੁਟਾਲਾ ਹੁੰਦਿਆਂ ਸ਼ਹਿਰ ਦੇ ਕੁੱਤੇ ਇਸ ਪਾਸੇ ਆ ਕੇ ਦਰਿਆ ਵਿਚ ਛਾਲਾਂ ਮਾਰਦੇ ਤਰ ਕੇ ਪਰਲੇ ਪਾਸੇ ਜੰਗਲ ਬੇਲੇ ਵਿਚ ਚਲੇ ਜਾਂਦੇ, ਸਾਰਾ ਦਿਨ ਉਧਰ ਹੀ ਰਹਿੰਦੇ, ਸੰਝ ਨੂੰ ਹਨੇਰਾ ਪਏ ਤੋਂ ਫਿਰ ਤਰ ਕੇ ਵਾਪਸ ਆ ਉਨ੍ਹਾਂ ਘਰਾਂ ਨੂੰ ਮੁੜ ਚਲੇ ਜਾਂਦੇ ਜਿਥੋਂ ਉਨ੍ਹਾਂ ਨੂੰ ਖਾਣ ਨੂੰ ਕੁਝ ਮਿਲ ਜਾਂਦਾ ਸੀ। ਇਹ ਕੋਈ ਇਕ ਦਿਨ ਦੀ ਗੱਲ ਨਹੀਂ ਸੀ, ਜਦ ਤਕ ਕੁੱਤੇ ਮਾਰਨ ਦਾ ਹੁਕਮ ਲਾਗੂ ਰਿਹਾ, ਕੁੱਤੇ ਇੰਜ ਹੀ ਕਰਦੇ ਵੇਖੇ ਗਏ। ਬਾਦਸ਼ਾਹ ਦੇ ਮਰੇ ਤੋਂ ਮਗਰੋਂ ਇਹ ਸਿਲਸਿਲਾ ਬੰਦ ਹੋਇਆ।

ਜੋਗੀਆਂ ਸੰਨਿਆਸੀਆਂ ਉਤੇ ਹੋਰ ਵੀ ਆਫ਼ਤ ਆਈ। ੨੮ ਅਕਤੂਬਰ ੧੭੧੧ ਈ: ਨੂੰ ਬਾਦਸ਼ਾਹ ਪਾਸ ਇਨ੍ਹਾਂ ਵਿਰੁਧ ਸ਼ਿਕਾਇਤ ਹੋਈ ਸੀ ਕਿ ਇਹ ਦਿਲੋਂ ਬੰਦਾ ਸਿੰਘ ਨਾਲ ਹਮਦਰਦੀ ਰਖਦੇ ਹਨ, ਅਤੇ ਬਾਦਸ਼ਾਹੀ ਲਸ਼ਕਰ ਦੀ ਹੋਈ-ਬਹੋਈ ਦੀਆਂ ਖ਼ਬਰਾਂ ਖ਼ੁਫੀਆ ਤੌਰ ਤੇ ਬੰਦਾ ਸਿੰਘ ਤਕ ਪਹੁੰਚਾਉਂਦੇ ਹਨ। ਇਸ ਸ਼ਿਕਾਇਤ ਨੂੰ ਸੁਣ ਕੇ ਬਾਦਸ਼ਾਹ ਨੇ ਹੁਕਮ ਦਿਤਾ ਸੀ ਕਿ ਜੇ ਇਹ ਇਲਜ਼ਾਮ ਕਿਸੇ ਵਿਰੁਧ ਸਾਬਤ ਹੋ ਜਾਏ ਤਾਂ ਉਸ ਨੂੰ ਮਾਰ ਦਿਤਾ ਜਾਏ। ਨਾਲ ਹੀ ਇਹ ਵੀ ਹੁਕਮ ਹੋਇਆ ਕਿ ਸ਼ਾਹੀ ਲਸ਼ਕਰ ਵਿਚੋਂ ਸਭ ਹਿੰਦੂ ਸਾਧੂਆਂ ਨੂੰ ਬਾਹਰ ਕਢ ਦਿਤਾ ਜਾਏ। ਸੋ ਸਾਰੇ ਸਾਧੂ ਲਸ਼ਕਰੋਂ ਕਢ ਦਿਤੇ ਗਏ।

੧੪ ਫਰਵਰੀ ੧੭੧੨ ਈ: (੧੭ ਮੁਹੱਰਮ ੧੧੨੪ ਹਿਜਰੀ) ਨੂੰ ਬਾਦਸ਼ਾਹ ਦਾ ਆਖ਼ਰੀ ਦਰਬਾਰ ਹੋਇਆ ਤੇ ਫਿਰ ਖ਼ਬਰ ਮਿਲੀ ਕਿ ਬਾਦਸ਼ਾਹ ਦੀ ਹਾਲਤ ਬਹੁਤ ਨਾਜ਼ਕ ਹੋ ਗਈ ਹੈ। ਤਿੰਨ ਦਿਨ ਵਡੇ ਵਡੇ ਹਕੀਮਾਂ ਤੇ ਵੈਦਾਂ ਆਪਣਾ ਸਾਰਾ ਜ਼ੋਰ ਲਾਇਆ, ਪਰ ਰੱਬ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਆਖ਼ਰ ੨੧ ਮੁਹੱਰਮ


www.AKJ.Org

ਸੰਨ ੧੧੨੪ ਹਿਜਰੀ (ਸੰਨ ੬ ਬਹਾਦਰ ਸ਼ਾਹੀ) ੧੭-੧੮ ਫ਼ਰਵਰੀ ਸੰਨ ੧੭੧੨ ਈ: ਦੀ ਵਿਚਲੀ ਰਾਤ ਨੂੰ ਬਾਦਸ਼ਾਹ ਇਸ ਜਹਾਨ ਤੋਂ ਕੂਚ ਕਰ ਗਿਆ। ਲਾਸ਼ ਦਫ਼ਨਾਉਣ ਲਈ ਤਿਆਰ ਕਰਕੇ ਤਾਬੂਤ ਵਿਚ ਪਾ ਕੇ ਰਖ ਦਿਤੀ, ਤੇ ਇਹ ਤਾਬੂਤ ਬਿਨਾ ਦਫ਼ਨਾਏ ਹੀ ਪਿਆ ਰਿਹਾ। ਆਖ਼ਰ ਇਕ ਅਪ੍ਰੈਲ ਨੂੰ ਬਾਦਸ਼ਾਹ ਦੀ ਵਿਧਵਾ ਮਲਿਕਾ ਬੀਬੀ ਮਹਿਰ ਪਰਵਰ ਅਤੇ ਚੀਨ ਕਲੀਜ ਮੁਹੰਮਦ ਖਾਨ ਦੀ ਸੌਂਪਣਾ ਵਿਚ ਬਾਦਸ਼ਾਹ ਦੀ ਲੋਥ ਦਿਲੀ ਨੂੰ ਤੋਰੀ ਗਈ, ਜਿਥੇ ੫ ਮਈ ਨੂੰ ਅਪੜੀ। ਖ਼ੁਆਜਾ ਬਖ਼ਤਿਆਰ ਕਾਕੀ ਦੀ ਦਰਗਾਹ ਦੇ ਲਾਗੇ ਬਾਦਸ਼ਾਹ ਔਰੰਗਜ਼ੇਬ ਆਲਮਗੀਰ ਵਲੋਂ ਬਣਵਾਈ ਹੋਈ ਸੰਗਮਰਮਰ ਦੀ ਮਸੀਤ ਦੇ ਵੇਹੜੇ ਵਿਚ ਉਸ ਨੂੰ ਦਬਿਆ ਗਿਆ।

**ਤਖ਼ਤ ਲਈ ਭਾਈਆਂ ਵਿਚ ਲੜਾਈ–**

ਮੁਗ਼ਲ ਬਾਦਸ਼ਾਹਾਂ ਵਿਚ ਜੋ ਪਿਉ ਦਾਦਿਆਂ ਵਲੋਂ ਰਹੁ-ਰੀਤ ਤੁਰੀ ਆਉਂਦੀ ਸੀ, ਉਸ ਅਨੁਸਾਰ ਤਖ਼ਤ ਮੱਲਣ ਲਈ ਭਾਈਆਂ ਵਿਚ ਤਲਵਾਰ ਚਲੀ। ੪–੭ ਮਾਰਚ ਤਕ ਸ਼ਹਿਰ ਦੀ ਫ਼ਸੀਲੋਂ ਬਾਹਰ ਲੜਾਈ ਹੁੰਦੀ ਰਹੀ। ਸ਼ਾਹਜ਼ਾਦਾ ਅਜ਼ੀਮੁਸ਼ਾਨ ਜਿਸ ਹਾਥੀ ਤੇ ਸਵਾਰ ਸੀ, ਉਸ ਨੂੰ ਤੋਪ ਦਾ ਗੋਲਾ ਆਣ ਵਜਾ। ਇਹ ਫੱਟੜ ਹੋਇਆ ਹਾਥੀ ਏਨਾ ਬੇਕਾਬੂ ਹੋ ਗਿਆ ਕਿ ਫ਼ੌਜ ਨੂੰ ਰੌਂਦਦਾ ਹੋਇਆ ਨਿਕਲ ਗਿਆ ਤੇ ਰਾਵੀ ਦਰਿਆ ਵਿਚ ਜਾ ਛਾਲ ਮਾਰੀ। ਸ਼ਾਹਜ਼ਾਦਾ ਤੇ ਹਾਥੀ ਦੋਵੇਂ ਹੀ ਡੁਬ ਕੇ ਮਰ ਗਏ। ੧੭–੧੮ ਮਾਰਚ ਦੀ ਲੜਾਈ ਵਿਚ ਜਹਾਨਦਾਰ ਸ਼ਾਹ ਨੇ ਆਪਣੇ ਬਾਕੀ ਭਰਾਵਾਂ ਜਹਾਨ ਸ਼ਾਹ ਅਤੇ ਰਫ਼ੀ-ਉ-ਸ਼ਾਨ ਨੂੰ ਮੌਤ ਦੇ ਘਾਟ ਉਤਾਰ ਦਿਤਾ ਤੇ ੧੯ ਮਾਰਚ ਨੂੰ ਮੁਗਲੀਆ ਤਖ਼ਤ ਉਤੇ ਬਾਦਸ਼ਾਹ ਬਣ ਕੇ ਬੈਠਾ। ਆਪਣੇ ਤਿੰਨਾਂ ਭਾਈਆਂ ਨਾਲ ਜੋ ਅਮੀਰ ਤੇ ਸਰਦਾਰ ਸਹਿਮਤ ਸਨ, ਬਹੁਤ ਸਾਰੇ ਕਤਲ ਕਰਵਾ ਦਿਤੇ ਤੇ ਬਾਕੀ ਕੈਦ ਕਰ ਲਏ। ਪਰ ਜਹਾਨਦਾਰ ਸ਼ਾਹ ਦਾ ਰਾਜ ਬਹੁਤੀ ਦੇਰ ਨਾ ਚਲ ਸਕਿਆ। ਦਸਾਂ ਮਹੀਨਿਆਂ ਪਿਛੋਂ ਇਸਦੇ ਭਤੀਜੇ ਫ਼ਰੁਖ਼ਸੀਅਰ, ਜੋ ਸ਼ਾਹਜ਼ਾਦਾ ਅਜ਼ੀਮੁਸ਼ਾਨ ਦਾ ਪੁੱਤਰ ਸੀ, ਨੇ ਇਸ ਨੂੰ ਹਾਰ ਦਿਤੀ ਅਤੇ ਸੱਯਦ ਭਰਾਵਾਂ (ਹਸਨ ਅਲੀ ਤੇ ਅਬਦੁਲਾ) ਦੀ ਮਦਦ ਨਾਲ ੨ ਫ਼ਰਵਰੀ ੧੭੧੩ ਈ: ਨੂੰ ਆਪਣੇ ਚਾਚੇ ਨੂੰ ਕਤਲ ਕਰਵਾ ਕੇ ਤਖ਼ਤ ਉਤੇ ਬੈਠਾ।

**ਬੰਦਾ ਸਿੰਘ ਦਾ ਪਹਾੜਾਂ ਚੋਂ ਨਿਕਲਣਾ**
**ਤੇ ਸਢੌਰਾ ਮਾਰ ਕੇ ਫਿਰ ਸਿਖ ਰਾਜ ਸਥਾਪਤ ਕਰਨਾ–**

ਮੁਹਮਦ ਅਮੀਨ ਖ਼ਾਨ ਭਾਵੇਂ ਬੰਦਾ ਸਿੰਘ ਨੂੰ ਭਾਲ ਤਾਂ ਨਾ ਸਕਿਆ, ਪਰ ਅਜੇ ਵੀ ਉਸ ਦੇ ਮਗਰ ਪਿਆ ਹੋਇਆ ਜੰਮੂ ਦੀਆਂ ਪਹਾੜੀਆਂ ਵਿਚ ਹੀ ਸੀ। ਇਥੇ ਹੀ ਉਸ ਨੂੰ ਬਾਦਸ਼ਾਹ ਦੀ ਮੌਤ ਦੀ ਖ਼ਬਰ ਮਿਲੀ। ਇਹ ਆਦਮੀ ਜਹਾਨਦਾਰ ਦਾ ਸੀ। ਇਸ ਨੂੰ ਪਤਾ ਸੀ ਕਿ ਤਖ਼ਟ-ਨਸ਼ੀਨੀ ਲਈ ਸ਼ਾਹਜ਼ਾਦਿਆਂ ਵਿਚ ਆਪਸੀ ਭਰਾ-ਮਾਰੂ ਲੜਾਈ ਅਵੱਸ਼ ਹੋਣੀ ਹੈ। ਆਪਣੀ ਪਦਵੀ ਕਾਇਮ ਰਖਣ ਲਈ ਇਸ ਲੜਾਈ ਵਿਚ ਹਿਸਾ ਲੈਣ ਵਾਸਤੇ ਬੰਦਾ ਸਿੰਘ ਵਿਰੁਧ ਮੁਹਿੰਮ ਵਿਚੇ ਛਡ ਕੇ ਲਾਹੌਰ ਆ ਗਿਆ। ਇਸ ਵੇਲੇ ਸਿੰਘਾਂ ਨੂੰ ਮੁੜ ਹੱਥ ਪੈਰ ਪਸਾਰਨ ਅਤੇ ਖੁਸੀ ਹੋਈ ਤਾਕਤ ਨੂੰ ਮੁੜ ਵਾਪਸ ਲੈਣ ਦਾ ਸੋਹਣਾ ਸਮਾਂ ਮਿਲ ਗਿਆ। ਮੁਗ਼ਲਾਂ ਦੇ ਰਾਜ ਵਿਚ ਅਫਰਾ ਤਫਰੀ ਜ਼ੋਰਾਂ ਤੇ ਮੱਚੀ ਹੋਈ ਸੀ। ਕੋਈ ਕਿਸੇ ਦਾ ਵਫ਼ਾਦਾਰ ਨਜ਼ਰ ਨਹੀਂ ਸੀ ਆਉਂਦਾ। ਹਰ ਛੋਟਾ ਵਡਾ ਅਫ਼ਸਰ ਤੇ ਆਮਲ ਰਾਜ ਵਿਚ ਅਨੁਸ਼ਾਸਨ ਅਤੇ ਅਮਨ ਅਮਾਨ ਬਣਾਈ ਰਖਣ ਦੀ ਥਾਂ ਆਪਣਾ ਉੱਲੂ ਸਿਧਾ ਕਰਨ ਦੀ ਫ਼ਿਕਰ ਵਿਚ ਸੀ। ਮੁਲਕ ਜਾਏ ਭਾੜ ਵਿਚ, ਉਨ੍ਹਾਂ ਦੇ ਨਿਜੀ ਲਾਭ ਸੁਰੱਖਿਅਤ ਹੋਣੇ ਚਾਹੀਦੇ ਹਨ। ਮੁਲਕ ਦੀ ਦੇਖ ਰੇਖ ਕਰਨ ਵਾਲੇ ਤਾਂ ਆਪਣੇ ਸਥਾਨ ਛਡ ਕੇ ਲਾਹੌਰ ਅੱਪੜੇ ਹੋਏ ਸਨ ਤੇ ਵੇਖ ਰਹੇ ਸਨ ਕਿ ਕਿਸ ਦੀ ਤਖ਼ਤ ਤੇ ਬੈਠਣ ਦੀ ਵਾਰੀ ਆਉਂਦੀ ਹੈ।

ਬੰਦਾ ਸਿੰਘ ਨੇ ਇਸ ਮੌਕੇ ਦਾ ਫ਼ਾਇਦਾ ਉਠਾ ਕੇ ਝਟ ਪਟ ਸਢੌਰੇ ਉਤੇ ਕਬਜਾ ਕਰ ਲਿਆ। ਉਸ ਦੀ ਫੁਰਤੀ ਤੇ ਕੜਕ ਆਸਮਾਨੀ ਬਿਜਲੀ ਵਾਲੀ ਸੀ, ਜਿਸ ਤੇਜ਼ੀ ਨਾਲ ਉਹ ਓਬੜ ਖੋਬੜ ਪਹਾੜਾਂ ਤੇ ਮੁਸ਼ਕਲ ਖੱਡਾਂ ਘਾਟੀਆਂ ਨੂੰ ਗਾਹੀ ਫਿਰਦਾ, ਵਿਚੋਂ ਹਵਾ ਦੇ ਬੁੱਲਿਆਂ ਵਾਂਗ ਨਿਕਲ ਜਾਂਦੀ ਸੀ, ਉਹ ਹੈਰਾਨ ਕਰ ਦੇਣ ਵਾਲੀ ਸੀ। ਬੰਦਾ ਸਿੰਘ ਨੇ ਸਢੌਰੇ ਤੇ ਆਪਣਾ ਪੰਜਾ ਕੱਸ ਲੈਣ ਤੋਂ ਬਾਅਦ ਲੋਹਗੜ੍ਹ ਕਿਲ੍ਹੇ ਦੀ, ਜੋ ਪਿਛਲੀ

 [ਬਾਕੀ ਦੇਖੋ ਸਫ਼ੇ ੨੪ ਹੇਠ] 

www.AKJ.Org

# ਭਗਤੀ ਤੇ ਸ਼ਕਤੀ

[ਪ੍ਰਿੰਸੀਪਲ ਸੁਰਜੀਤ ਸਿੰਘ ਜੀ, ਲੁਧਿਆਣਾ]

## ਮੀਰੀ ਪੀਰੀ–

ਗੁਰੂ ਹਰਿਗੋਬਿੰਦ ਜੀ ਨੂੰ ਭਾਵੇਂ ਗਿਆਰਾਂ ਸਾਲ ਦੀ ਬਾਲ ਅਵਸਥਾ ਵਿਚ ਹੀ ਗੁਰਿਆਈ ਦਿਤੀ ਗਈ, ਪਰੰਤੂ ਉਨ੍ਹਾਂ ਗੱਦੀ ਉਤੇ ਬੈਠਣ ਉਪਰੰਤ ਦੋ ਤਲਵਾਰਾਂ ਪਹਿਨੀਆਂ, ਜਿਨ੍ਹਾਂ ਨੂੰ ਮੀਰੀ ਤੇ ਪੀਰੀ ਦੀਆਂ ਤਲਵਾਰਾਂ ਆਖਦੇ ਹਨ। ਮੀਰੀ ਦੀ ਤਲਵਾਰ ਸੰਸਾਰਕ ਤੇ ਵਿਹਾਰਕ ਸ਼ਕਤੀ ਦਾ ਪ੍ਰਤੀਕ ਸੀ ਅਤੇ ਪੀਰੀ ਦੀ ਤਲਵਾਰ ਰੂਹਾਨੀ ਪ੍ਰਮੁਖਤਾ ਤੇ ਅਗਵਾਈ ਦੀ। ਇਨ੍ਹਾਂ ਦੋ ਤਲਵਾਰਾਂ ਦਾ ਜੋੜ, ਇਨ੍ਹਾਂ ਨੂੰ ਇਕੱਠਿਆਂ ਪਹਿਨਣਾ ਨਾ-ਕੇਵਲ ਭਗਤੀ ਤੇ ਸ਼ਕਤੀ ਦੇ ਸੁਮੇਲ ਦਾ ਸੰਕਲਪ ਤੇ ਸਿਧਾਂਤ ਹੀ ਸੀ, ਸਗੋਂ ਵਿਹਾਰਕ ਜੀਵਨ-ਜੁਗਤੀ ਦਾ ਜ਼ਾਹਿਰਾ ਰੂਪ ਵੀ।

ਮੀਰੀ ਤੇ ਪੀਰੀ ਇਕ ਅਜਿਹਾ ਸਿਧਾਂਤ ਤੇ ਸੰਕਲਪ ਹੈ, ਜੋ ਆਪਣੇ ਆਪ ਵਿਚ ਮਨੁਖੀ ਜੀਵਨ ਨੂੰ ਪੂਰਨਤਾ ਪ੍ਰਦਾਨ ਕਰਦਾ ਹੈ। ਇਹ ਇਕ ਅਮਲੀ ਤੇ ਵਿਹਾਰਕ ਜੀਵਨ-ਜੁਗਤੀ ਹੈ। ਇਹ ਪਰਮਾਤਮਾ ਦੇ, ਇਕੋ ਹੀ ਸਮੇਂ ਵਿਚ, ਦਿਆਲੂ ਪੁਰਖ ਤੇ ਸਰਬ-ਸ਼ਕਤੀਮਾਨ ਹੋਣ ਦਾ ਝਲਕਾਰਾ ਹੈ। ਇਸ ਕਰਕੇ ਮਨੁਖ, ਜੋ ਉਸ ਸਿਰਜਣਹਾਰ ਦਾ ਅਕਸ ਹੈ ਤੇ ਉਸੇ ਦੀ ਇਕ ਚਿੰਣਗ ਹੈ, ਦਾ ਜ਼ਰੂਰੀ ਜੀਵਨ-ਲਕਸ਼ ਹੈ, ਨਹੀਂ ਸਗੋਂ ਇਕੋ ਜੀਵਨ-ਰਾਹ ਹੈ। ਸ਼ਕਤੀ ਤੇ ਭਗਤੀ ਦੇ ਰੂਪ ਵਿਚ ਮੀਰੀ ਤੇ ਪੀਰੀ ਦਾ ਸੰਗਮ ਇਕ ਇਤਿਹਾਸਕ ਤੱਥ ਹੀ ਨਹੀਂ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਵੇਲੇ ਦੀ ਲੋੜ ਦੇ ਰੂਪ ਵਿਚ ਹੋਂਦ ਵਿਚ ਆਇਆ ਦਸਿਆ ਜਾਂਦਾ ਹੈ, ਸਗੋਂ ਇਹ ਤਾਂ ਇਕ ਵਿਸ਼ਵ-ਵਿਆਪੀ ਜੀਵਨ-ਧਾਰਾ ਹੈ। ਇਹ ਇਕ ਐਸੀ ਸਚਾਈ ਹੈ, ਜਿਸ ਤੋਂ ਬਿਨਾਂ ਜ਼ਿੰਦਗੀ ਅਧੂਰੀ ਤੇ ਅਪੰਗ ਹੁੰਦੀ ਹੈ। ਇਹ ਇਕ ਪਾਸੇ ਕੁਦਰਤ ਦੇ ਮੰਨੇ-ਪ੍ਰਮੰਨੇ ਨਿਯਮ, ਜੀਵਨ-ਘੋਲ (Struggle for existence) ਤੇ ਦੂਸਰੇ ਪਾਸੇ ਮਾਨਵਤਾ ਦੇ ਅਸੂਲ "ਜੀਉ ਤੇ ਜੀਉਣ ਦਿਓ" ਦਾ ਸੰਗਮ ਹੋਣ ਕਰਕੇ, ਕੁਦਰਤ ਤੇ ਮਾਨਵਤਾ ਦਾ ਜੋੜ ਹੈ,ਅਤੇ ਇਸ ਦੇ ਰਸਤੇ ਹੀ ਮਨੁਖੀ ਜੀਵਨ ਦਾ ਪਰਮ ਉਦੇਸ਼ ਜੀਵ ਜਗਤ ਤੇ ਬ੍ਰਹਮ ਦਾ ਉਦੇਸ਼ ਸਿਰੇ ਚੜ੍ਹਦਾ ਹੈ।

ਵਿਹਾਰੀ ਜੀਵਨ ਵਿਚ ਭਾਵੇਂ ਕੋਈ ਸੰਤ ਹੋਵੇ ਤੇ ਭਾਵੇਂ ਭਗਤ, ਭਾਵੇਂ ਦੁਨੀਆਦਾਰ ਹੋਵੇ ਤੇ ਭਾਵੇਂ ਸ਼ਾਸਨਕ ਹਾਕਮ, ਮੀਰੀ ਤੇ ਪੀਰੀ ਦੀ ਜੀਵਨ-ਜੁਗਤੀ ਹੀ ਉਸ ਨੂੰ ਸਫਲਤਾ ਦੀ ਸਿਖਰ ਤਕ ਪਹੁੰਚਾਂਦੀ ਹੈ। ਜੇ ਪੀਰੀ ਧਰਮ ਹੈ ਤਾਂ ਮੀਰੀ ਇਸ ਦੀ ਧਿਰ, ਜਿਸ ਤੋਂ ਬਿਨਾਂ ਧਰਮ 'ਦਲੇਂ ਮਲੇਂ' ਹੋ ਜਾਂਦਾ ਹੈ। ਤੇ ਜੇਕਰ ਮੀਰੀ ਦੁਨੀਆਦਾਰੀ ਤੇ ਮਨੁਖੀ ਸੰਬੰਧਾਂ ਦੀ ਸਿਖਰ, ਭਾਵ, "ਰਾਜ ਸੱਤਾ" ਹੈ ਤਾਂ ਪੀਰੀ, ਦਇਆ, ਮਨੁਖੀ ਬਰਾਬਰੀ, ਮਾਨਵੀ ਕਦਰਾਂ ਕੀਮਤਾਂ ਦਾ ਸਤਿਕਾਰ ਤੇ ਇਨਸਾਫ਼ ਦੇ ਰੂਪ ਵਿਚ ਧਰਮ ਦਾ ਪ੍ਰਗਟ ਰੂਪ ਬਣਦੀ ਹੋਈ, ਰਾਜ-ਸੱਤਾ ਦਾ ਮਾਰਗ-ਦਰਸ਼ਨ ਤੇ ਰਹਿਨੁਮਾ ਬਣਦੀ ਹੈ, ਜਿਸ ਕਰਕੇ ਇਹ ਰਾਜ-ਸੱਤਾ ਦਾ ਧੁਰਾ ਤੇ ਇਸ ਦੀ ਸਥਿਰਤਾ ਦਾ ਆਧਾਰ ਬਣਦੀ ਹੈ। ਜਿਵੇਂ ਕੋਈ ਵੀ ਰਾਜ-ਸੱਤਾ ਇਕ ਪਾਸੇ ਤਾਕਤ ਤੇ ਦੂਸਰੇ ਪਾਸੇ ਮਾਨਵੀ ਕਦਰਾਂ-ਕੀਮਤਾਂ ਉਤੇ ਆਧਾਰਤ ਇਨਸਾਫ਼ ਤੋਂ ਬਿਨਾਂ ਸਥਿਰ ਨਹੀਂ ਰਹਿ ਸਕਦੀ, ਇਸੇ ਹੀ ਤਰ੍ਹਾਂ ਮਨੁਖੀ ਜੀਵਨ ਤੇ ਮਨੁਖੀ ਸੰਬੰਧ ਤਾਕਤ ਤੇ ਸਿਦਕ-ਦਿਲੀ (ਸਚਾਈ), ਭਾਵ, ਸ਼ਕਤੀ ਤੇ ਭਗਤੀ ਜਾਂ ਮੀਰੀ ਤੇ ਪੀਰੀ ਦੇ ਜੋੜ ਤੋਂ ਬਿਨਾਂ ਅਗੇ ਨਹੀਂ ਟੁਰ ਸਕਦੇ। ਇਸ ਤੋਂ ਬਿਨਾਂ ਜੀਵਨ ਦੀ ਰਵਾਨੀ ਹੀ ਖ਼ਤਮ ਹੋ ਜਾਂਦੀ ਹੈ।

ਜੀਵਨ ਦੀ ਰਵਾਨੀ ਚਾਲੂ ਰਖਣ ਲਈ, ਧਰਮ ਦਾ ਬੀਜਣਾ ਤੇ ਬੁਰਾਈ ਦੇ ਅੜਿਕੇ ਨੂੰ ਦੂਰ ਕਰਨਾ, ਦੋਵੇਂ ਹੀ ਕੰਮ ਇਕੱਠੇ ਹੀ ਕਰਨੇ ਜ਼ਰੂਰੀ ਹਨ। ਇਸ ਲਈ ਮੀਰੀ ਤੇ ਪੀਰੀ ਦਾ ਜੋੜ, ਬੁਰਾਈ ਨੂੰ ਦੂਰ ਕਰਨ ਤੇ ਚੰਗਿਆਈ ਨੂੰ ਬੀਜਣ ਦੀ ਦੂਹਰੀ ਚੁਣੌਤੀ ਦਾ ਹੀ ਜ਼ਾਹਿਰਾ ਰੂਪ ਹੈ।

ਮੀਰੀ ਤੇ ਪੀਰੀ ਦੇ ਪਹਿਰਾਵੇ ਤੋਂ ਜਿਥੇ ਇਹ ਗੱਲ ਸਪਸ਼ਟ ਰੂਪ ਵਿਚ ਪ੍ਰਗਟ ਹੁੰਦੀ ਸੀ ਕਿ ਪੀਰੀ, (ਭਗਤੀ), ਰੂਹਾਨੀਅਤ ਤੇ ਸੰਤਪੁਣੇ ਨੂੰ ਸੰਸਾਰੀ ਸ਼ਕਤੀ–ਮੀਰੀ ਦੁਆਰਾ ਰਖਿਆ ਦੀ ਲੋੜ ਹੁੰਦੀ ਹੈ, ਉਥੇ ਇਹ ਵੀ ਸਪਸ਼ਟ ਜ਼ਾਹਰ ਕਰਨਾ ਹੈ ਕਿ ਪੀਰੀ ਆਪਣੇ ਆਪ ਵਿਚ ਇਕ ਮਹਾਨ ਸ਼ਕਤੀ ਹੈ, ਜੋ ਮੀਰੀ ਨੂੰ ਅਗਵਾਈ



www.AKJ.Org

ਦਿੰਦੀ ਹੈ, ਸੰਜਮ ਵਿਚ ਰਖਦੀ ਹੈ ਤੇ ਇਸ ਦਾ ਮਾਨਵੀ ਆਧਾਰ ਬਣਦੀ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰ ਦੇ ਢਾਡੀਆਂ ਨੱਥਾ ਤੇ ਅਬਦੁੱਲਾ ਨੇ ਮੀਰੀ ਤੇ ਪੀਰੀ ਦੇ ਇਸ ਸਿਧਾਂਤ ਨੂੰ ਆਪਣੀ ਵਾਰ ਵਿਚ ਇਨ੍ਹਾਂ ਸ਼ਬਦਾਂ ਵਿਚ ਅੰਕਤ ਕੀਤਾ ਹੈ—

ਦੋ ਤਲਵਾਰੀਂ ਬਧੀਆਂ, ਇਕ ਮੀਰ ਦੀ ਇਕ ਪੀਰ ਦੀ।
ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।
ਹਿੰਮਤ ਬਾਹਾਂ ਕੋਟ ਗੜ੍ਹ ਦਰਵਾਜ਼ਾ ਬਲਖ਼ ਬਖ਼ੀਰ ਦੀ।
ਨਾਲ ਸਿਪਾਹੀ ਨੀਲ ਨਲ ਮਾਰ ਦੁਸ਼ਟਾਂ ਕਰੇ ਤਗ਼ੀਰ ਦੀ।
ਪੱਗ ਤੇਰੀ ਕੀ ਜਹਾਂਗੀਰ ਦੀ।

ਮੀਰੀ ਤੇ ਪੀਰੀ ਦੇ ਇਸ ਸੰਗਮ ਨਾਲ ਜਿਥੇ ਉਨ੍ਹਾਂ ਵਿਚ ਅਥਾਹ ਸ਼ਕਤੀ, ਕਰੋੜਾਂ ਕਿਲ੍ਹਿਆਂ ਦੀ ਸੈਨਾ ਜਿੰਨੀ ਹਿੰਮਤ ਆ ਗਈ, ਉਥੇ ਆਪਣੇ ਪਿਆਰ ਤੇ ਸੰਤ ਸੁਭਾਉ ਤੋਂ ਉਸਰੇ ਮਾਨਵੀ ਆਧਾਰ, ਭਾਵ, ਪੀਰੀ ਕਰਕੇ ਦੂਰ ਦਰਾਜ਼ ਦੇ, ਬਲਖ਼ ਬੁਖ਼ਾਰੇ ਤਕ ਦੇ ਲੋਕਾਂ ਦੇ ਦਿਲਾਂ ਉਤੇ ਗੁਰੂ ਹਰਿਗੋਬਿੰਦ ਜੀ ਰਾਜ ਕਰਦੇ ਸਨ। ਫਿਰ ਇਸ ਦਾ ਇਕ ਮਹਾਨ ਗੁਣ ਇਹ ਸੀ ਕਿ ਜਿਥੇ ਉਹ ਦੁਸ਼ਟ ਨੂੰ ਪਾਇਮਾਲ ਕਰਦੇ, ਉਥੇ ਉਸ ਦੀ ਕਾਇਆਂ-ਕਲਪ ਵੀ ਕਰਦੇ। ਉਸ ਵਿਚ ਬਦੀ ਤੇ ਦੁਸ਼ਟਤਾ ਦੀ ਅੰਸ਼ ਨੂੰ ਖ਼ਤਮ ਕਰਕੇ, ਉਸ ਨੂੰ ਨੇਕੀ ਦੇ ਰਾਹ ਤੋਰਦੇ। ਉਨ੍ਹਾਂ ਉਤੇ ਹਮਲਾ ਕਰਨ ਆਇਆ ਪੈਂਦੇ ਖ਼ਾਨ, ਜਦ ਉਹ ਗੁਰੂ ਜੀ ਦੇ ਵਾਰ ਨਾਲ ਜ਼ਖਮੀ ਹੋ ਕੇ ਧੁੱਪ ਵਿਚ ਤੜਫ ਰਿਹਾ ਸੀ, ਉਨ੍ਹਾਂ ਨੇ ਉਸ ਦੇ ਸਿਰ ਉਤੇ ਢਾਲ ਨਾਲ ਛਾਂ ਕਰ ਕੇ ਉਸ ਨੂੰ ਰਾਹਤ ਪਹੁੰਚਾਈ। ਵੈਰੀ ਨੂੰ ਮੀਤ ਸਮਾਨ ਸਮਝਣਾ ਮੀਰੀ ਤੇ ਪੀਰੀ ਦੇ ਜੋੜ ਦਾ ਕਮਾਲ ਸੀ।...

ਦਇਆ ਤੇ ਖਿਮਾ ਦੇ ਦੈਵੀ ਗੁਣਾਂ, ਜੋ ਪੀਰੀ ਦਾ ਲਕਸ਼ ਹਨ, ਤੋਂ ਬਿਨਾਂ ਰਾਜ-ਸਤਿਆ ਜ਼ੁਲਮ ਤੇ ਅਤੰਕ ਬਣ ਜਾਂਦੀ ਹੈ, ਜਿਸ ਕਰਕੇ ਡਰਾਵਾ ਤਾਂ ਪੈਦਾ ਹੁੰਦਾ ਹੈ, ਪਰ ਪਿਆਰ ਨਹੀਂ, ਬਦੀ ਤਾਂ ਵਸਦੀ ਹੈ ਪਰ ਮਾਨਵਤਾ ਮਰਦੀ ਹੈ, ਧਰਮ ਸੁੰਗੜਦਾ ਹੈ। ਜਿਥੇ ਮੀਰੀ ਦੇ ਨਾਲ ਪੀਰੀ ਜੁੜੀ ਹੋਣ ਕਰਕੇ ਗੁਰੂ ਹਰਿਗੋਬਿੰਦ ਜੀ ਦੀ ਸ਼ਾਹਾਂ ਵਿਚ ਉਚੀ ਸ਼ਾਨ ਸੀ, ਉਥੇ ਪੀਰੀ ਦੇ ਨਾਲ ਮੀਰੀ ਜੁੜੀ ਹੋਣ ਕਰਕੇ ਭਾਈ ਗੁਰਦਾਸ ਜੀ ਉਨ੍ਹਾਂ ਨੂੰ "ਗੁਰ ਭਾਰੀ" ਲਿਖਦੇ ਹਨ। ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ॥ (ਵਾਰ ੧, ਪਉੜੀ ੪੮)

ਚੂੰਕਿ ਮੁਖ ਉਦੇਸ਼ ਪੀਰੀ ਹੈ, ਮੀਰੀ ਇਸ ਦੀ ਰਖਿਆ ਤੇ ਸਹਾਇਤਾ ਕਰਕੇ ਹੀ ਹੈ, ਇਸ ਲਈ ਮੀਰੀ ਨੂੰ ਹਰ ਹਮੇਸ਼ ਪੀਰੀ ਦੀ ਅਗਵਾਈ ਹੇਠ ਰਖਣ ਦੇ ਪ੍ਰਤੀਕ ਵਜੋਂ ਗੁਰੂ ਹਰਿਗੋਬਿੰਦ ਜੀ ਨੇ ਅਕਾਲ ਤਖ਼ਤ ਦਾ ਮੂੰਹ ਹਰਿਮੰਦਰ ਵਲ ਰਖਿਆ, ਜੋ ਰੂਹਾਨੀਅਤ, ਨੇਕੀ, ਦਇਆ, ਧਰਮ, ਸਾਂਝੀਵਾਲਤਾ ਤੇ ਮਨੁਖੀ ਬਰਾਬਰੀ ਦਾ ਪ੍ਰਤੀਕ ਹੈ, ਤੇ ਹਰਿ-ਪ੍ਰਭ ਦੇ ਨਿਵਾਸ ਦਾ ਪ੍ਰਤੀਕ ਹੈ। ਇਸ ਦਾ ਭਾਵ ਇਹ ਸੀ ਕਿ ਅਕਾਲ ਤਖ਼ਤ ਤੋਂ ਨਿਕਲਣ ਵਾਲੇ ਸਾਰੇ ਹੁਕਮ ਹਰਿ-ਪ੍ਰਭੂ-ਪ੍ਰਮਾਤਮਾ ਨੂੰ ਧਿਆਨ ਵਿਚ ਰਖ ਕੇ ਹੀ ਜਾਰੀ ਕੀਤੇ ਜਾਣ, ਜੋ ਸਾਰੀ ਮਨੁਖਤਾ ਦੀ ਬਰਾਬਰੀ ਤੇ ਭਲਿਆਈ ਲਈ ਹੋਣ, ਆਤਮਾ ਦੀ ਅਜ਼ਾਦੀ ਲਈ ਹੋਣ।......

ਪ੍ਰਸਿਧ ਇਤਿਹਾਸਕਾਰ ਡਾਕਟਰ ਗੰਡਾ ਸਿੰਘ ਨੇ, ਮਹਾਰਾਸ਼ਟਰ ਦੇ ਸੰਤ ਸਮਰੱਥ ਰਾਮਦਾਸ ਦੀ ਗੜ੍ਹਵਾਲ ਦੇ ਇਲਾਕੇ ਦੀ ਫੇਰੀ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਨਾਲ ਹੋਈ ਮੁਲਾਕਾਤ ਦੀ ਜੋ ਵਿਥਿਆ ਦਸੀ ਹੈ, ਉਹ ਇਸ ਸੰਬੰਧ ਵਿਚ ਖ਼ਾਸ ਮਹੱਤਵ ਰਖਦੀ ਹੈ। ਇਸ ਮੁਲਾਕਾਤ ਦੌਰਾਨ ਸਮਰੱਥ ਰਾਮਦਾਸ ਨੇ ਗੁਰੂ ਜੀ ਨੂੰ ਕਿਹਾ ਕਿ ਮੈਂ ਸੁਣਿਆ ਹੈ ਤੁਸੀਂ ਗੁਰੂ ਨਾਨਕ ਦੇਵ ਦੀ ਗੱਦੀ ਤੇ ਬਿਰਾਜਮਾਨ ਹੋ, ਉਹ ਤਾਂ ਫ਼ਕੀਰ ਸਨ, ਪਰੰਤੂ ਤੁਸੀਂ "ਫ਼ਕੀਰੀ ਕੀ ਤੇ ਸ਼ਾਹੀ ਠਾਠ ਬਾਠ ਕੀ ?" ਗੁਰੂ ਜੀ ਨੇ ਉੱਤਰ ਦਿਤਾ, "ਜ਼ਾਹਿਰ ਮੀਰੀ, ਬਾਤਨ ਫ਼ਕੀਰੀ।" ਫਿਰ ਜਦ ਉਸ ਨੇ ਗੁਰੂ ਜੀ ਤੋਂ ਦੋ ਤਲਵਾਰਾਂ ਬਾਰੇ ਪੁਛਿਆ ਤਾਂ ਗੁਰੂ ਜੀ ਨੇ ਸਮਝਾਇਆ, "ਗ਼ਰੀਬ ਕੀ ਰਖਿਆ ਤੇ ਜਰਵਾਣੇ ਕੀ ਭਖਿਆ।" ਇਨ੍ਹਾਂ ਦਾ ਭਾਵ ਦੀਨ ਦੁਖੀ ਤੇ ਮਜ਼ਲੂਮ ਦੀ ਰਖਿਆ ਅਤੇ ਜ਼ੁਲਮ ਤੇ ਅਤਿਆਚਾਰ ਦਾ ਨਾਸ, ਇਨ੍ਹਾਂ ਤਲਵਾਰਾਂ ਦਾ ਦੂਹਰਾ ਮੰਤਵ ਹੈ। ਇਸ ਵਾਰਤਾ ਨਾਲ ਸਮਰੱਥ ਰਾਮਦਾਸ ਇੰਨਾ ਪ੍ਰਭਾਵਤ ਹੋਇਆ ਕਿ ਉਸ ਨੇ ਕਿਹਾ, "ਯੇਹ ਬਾਤ ਮੁਝੇ ਭਾਵਤੀ ਹੈ।"..... ['ਭਗਤੀ ਤੇ ਸ਼ਕਤੀ' ਪੁਸਤਕ ਵਿਚੋਂ]

www.AKJ.Org

# ਸਵਯੇ ਅਤੇ ਸਵਈਏ

[ਪ੍ਰਿੰਸੀਪਲ ਸੱਜਣ ਸਿੰਘ ਜੀ, ੬੧੮-ਗੋਬਿੰਦਪੁਰੀ, ਨਵੀਂ ਦਿੱਲੀ-੧੯]

ਧੁਰ ਕੀ ਬਾਣੀ, ਖਸਮ ਕੀ ਬਾਣੀ, ਨਿਰੰਕਾਰ ਦਾ ਨਿਜ ਸਰੂਪ ਗੁਰਬਾਣੀ ਸਮੁੱਚੇ ਤੌਰ ਤੇ ਤਾਂ ਅਗਮ ਅਗਾਧ ਅਗੋਚਰ ਹੈ ਹੀ, ਪਰ ਇਸ ਵਿਚ ਵਰਤੇ ਗਏ ਸ਼ਬਦਾਂ ਦੇ ਅਲੱਗ-ਅਲੱਗ ਰੂਪਾਂ ਦਾ ਰਹੱਸ ਵੀ ਸਾਡੇ ਬੋਧ ਤੋਂ ਬਹੁਤ ਦੂਰ ਹੈ। ਇਹੋ ਕਾਰਨ ਹੈ ਕਿ ਅਸੀਂ ਬੁੱਧੀ ਦੇ ਦਾਇਰੇ ਵਿਚ ਵਿਚਰਨ ਵਾਲੇ ਗੁਰੂ ਸਾਹਿਬਾਨ ਦੇ ਹਿਰਦੇ ਦੀ ਗਹਿਰਾਈ ਤੋਂ ਪ੍ਰਗਟੇ ਸ਼ਬਦਾਂ ਨੂੰ ਬਿਆਨ ਕਰਦਿਆਂ ਸਹਿਜ ਸੁਭਾ ਹੀ ਉਕਾਈਆਂ ਜਾਂ ਟਪਲਿਆਂ ਦਾ ਸ਼ਿਕਾਰ ਬਣ ਜਾਂਦੇ ਹਾਂ।

ਗੁਰੂ ਅਰਜਨ ਦੇਵ ਜੀ ਦੇ ਰਚੇ ਸਵਯਾਂ ਨੂੰ ਅਤੇ ਭੱਟਾਂ ਦੇ ਰਚੇ ਸਵਈਆਂ ਨੂੰ ਗਹੁ ਨਾਲ ਤੱਕੀਏ ਤਾਂ ਪਤਾ ਚਲਦਾ ਹੈ ਕਿ ਹਜ਼ੂਰ ਨੇ ਆਪਣੀ ਬਾਣੀ ਦਾ ਸਿਰਲੇਖ "ਸਵਯੇ ਸ੍ਰੀ ਮੁਖ ਬਾਕ੍ਯ ਮਹਲਾ ਪ" ਅਤੇ ਭੱਟਾਂ ਦੁਆਰਾ ਪੰਚਮ ਪਾਤਸ਼ਾਹ ਦੀ ਉਸਤਤਿ ਵਿਚ ਉਚਾਰੀ ਗਈ ਬਾਣੀ ਦਾ ਸਿਰਲੇਖ "ਸਵਈਏ ਮਹਲੇ ਪੰਜਵੇਂ ਕੇ ਪ" ਲਿਖਿਆ ਹੈ। ਬਾਕੀ ਗੁਰੂ ਸਾਹਿਬਾਨ ਦੇ ਸੰਬੰਧ ਵਿਚ ਲਿਖੇ ਭੱਟਾਂ ਦੇ ਸਵਈਆਂ ਦਾ ਸਿਰਲੇਖ ਵੀ ਮਿਲਦਾ ਜੁਲਦਾ ਹੈ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਗੁਰਦੇਵ ਜੀ ਨੇ ਇਰਾਦਤਨ ਨਿਤਾਰਾ ਕਰਨ ਲਈ ਸ਼ਬਦ 'ਸਵਯੇ' ਦਾ ਸੰਬੰਧ ਆਪਣੀ ਬਾਣੀ ਨਾਲ ਅਤੇ ਸ਼ਬਦ 'ਸਵਈਏ' ਦਾ ਸੰਬੰਧ ਭੱਟਾਂ ਦੀ ਬਾਣੀ ਨਾਲ ਕੀਤਾ ਹੈ। ਭਾਵੇਂ ਇਨ੍ਹਾਂ ਸ਼ਬਦਾਂ ਦਾ ਉੱਚਾਰਣ ਇਕੋ ਹੀ ਹੈ, ਪਰ ਇਨ੍ਹਾਂ ਦੇ ਲਿਖਤੀ ਰੂਪ ਦਾ ਇਕ ਦੂਸਰੇ ਸਥਾਨ ਤੇ ਪ੍ਰਯੋਗ ਕਰਨਾ ਉਚਿਤ ਨਹੀਂ ਹੈ। ਏਥੇ ਹਵਾਲਾ ਦੇਣ ਦੀ ਲੋੜ ਨਹੀਂ, ਪਰ ਕੁਛ ਚੋਟੀ ਦੇ ਟੀਕਾਕਾਰਾਂ ਅਤੇ ਸ਼ਬਦਾਰਥ ਦੇ ਲੇਖਕਾਂ ਨੇ ਇਸ ਸੰਬੰਧ ਵਿਚ ਥੋੜੀ ਜਿਹੀ ਅਸਾਵਧਾਨੀ ਦਿਖਾਈ ਹੈ।

ਗੁਰਦੇਵ ਜੀ ਨੇ ਆਪਣੇ ਸਵਯਾਂ ਵਿਚ ਅਕਾਲ ਪੁਰਖ ਦੀ ਵਡਿਆਈ ਦਰਸਾਉਂਦਿਆਂ, ਉਸ ਨੂੰ ਸਰਬ-ਸ਼ਕਤੀਮਾਨ, ਅਤੁੱਲ ਭੰਡਾਰ ਵਾਲਾ, ਕਰਤਾ, ਹਰਤਾ, ਅਦੁੱਤੀ, ਅਨੂਪਮ, ਸਰਬ ਗੁਣਾਂ ਭਰਪੂਰ, ਪਰ ਨਿਰਗੁਣ ਪਰਮਾਤਮਾ ਕਹਿ ਕੇ ਗਾਵਿਆ ਹੈ। ਪਾਰਬ੍ਰਹਮ ਨਾਲ ਅਭੇਦ, ਗੁਰੂ ਨਾਨਕ ਦੇਵ ਜੀ ਦੀ ਵਡਿਆਈ ਸਮਸਤ ਵਿਸ਼ਵ ਵਿਚ ਪ੍ਰਗਟ ਹੋਈ ਹੈ, ਜਿਸ ਦੀ ਕਰਾਮਾਤੀ ਛੁਹ ਜਨਮ ਮਰਨ ਦਾ ਗੇੜ ਕੱਟਣ ਵਾਲੀ ਤੇ ਬੰਧਨ ਤੋਂ ਮੁਕਤ ਕਰਨ ਵਾਲੀ ਹੈ। ਹਜ਼ੂਰ ਫੁਰਮਾਉਂਦੇ ਹਨ :–

ਬਲਿਓ ਚਰਾਗੁ ਅੰਧ੍ਯਾਰ ਮਹਿ, ਸਭ ਕਲਿ ਉਧਰੀ ਇਕ ਨਾਮ ਧਰਮ ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮੁ ॥੯॥ (ਪੰਨਾ ੧੩੮੭)

ਇਸ ਤੋਂ ਅੱਗੇ ਜੀਵ ਦੀਆਂ ਕਮਜ਼ੋਰੀਆਂ. ਗ਼ਫਲਤ, ਭਟਕਣ, ਬੇਬੁਨਿਆਦੀ ਦੇਹ, ਭਰਮ, ਬੰਧਨ, ਹੰਕਾਰ, ਅਕ੍ਰਿਤਘਣਤਾ, ਕਪਟ ਤੇ ਕਰਮ-ਕਾਂਡ ਦਾ ਵਰਨਣ ਕਰਕੇ ਸਰਬ-ਰੋਗ-ਖੰਡਣਕਾਰੀ ਪ੍ਰਭੂ ਦੇ ਪਾਵਨ ਨਾਮ ਨੂੰ ਹਿਰਦੇ ਵਿਚ ਵਸਾਉਣ ਦੀ ਪ੍ਰੇਰਨਾ ਕੀਤੀ ਹੈ।

ਭੱਟਾਂ ਦੀ ਆਪਣੀ ਆਤਮਕ ਅਵਸਥਾ, ਸਾਧਾਰਨ ਪੱਧਰ ਤੋਂ ਉੱਚੀ ਹੋਣ ਕਰਕੇ ਕੋਈ ਵੀ ਉਨ੍ਹਾਂ ਦੀ ਨਿਸ਼ਾ ਨਹੀਂ ਕਰ ਸਕਿਆ, ਭਾਵੇਂ ਉਨ੍ਹਾਂ ਨੇ ਲਗ ਪਗ ਇਕ ਸਾਲ ਅਖੌਤੀ ਸਾਧੂ-ਸੰਤਾਂ ਤੇ ਉਦਾਸੀਆਂ, ਤਪੱਸਵੀਆਂ ਨੂੰ ਆਪਣੀ ਕਸੌਟੀ ਨਾਲ ਪਰਖਿਆ। ਨਿਰਾਸਿਆਂ ਦੇ ਮਸਤਕ ਤੇ ਰਹਿਮਤ ਦਾ ਪ੍ਰਕਾਸ਼ ਉਦੈ ਹੋਇਆ ਤਾਂ ਉਨ੍ਹਾਂ ਦੀ ਭਟਕਣ ਦਾ ਪੰਧ ਮੁੱਕ ਗਿਆ ਤੇ ਪਿਆਸੀਆਂ ਰੂਹਾਂ ਨੂੰ ਹਰਿ-ਰਸ-ਦਾਤਾ ਪੂਰਨ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉਨ੍ਹਾਂ ਦੀਆਂ ਅੱਖਾਂ ਨੇ ਅਸਲੀ ਹੀਰੇ ਦੀ ਪਛਾਣ ਕਰਕੇ, ਉੱਜਲ ਵਿਚਾਰਾਂ ਨਾਲ ਸੁੱਚੀ ਕ੍ਰਿਤ ਸਵਈਏ ਰਚ ਕੇ, ਐਨਾ ਵੱਡਾ ਮੁੱਲ ਪੁਆਇਆ ਕਿ ਇਹ ਗੁਰਬਾਣੀ ਬਣ ਕੇ ਹਮੇਸ਼ਾ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਟੁੱਟ ਅੰਗ ਬਣ ਕੇ ਅਮਰ ਹੋ ਗਏ।

ਨਿਰਸੰਦੇਹ ਭੱਟ ਮਹਾਨ ਵਡਿਆਈ ਦੇ ਅਧਿਕਾਰੀ ਹਨ, ਜਿਨ੍ਹਾਂ ਦੀ ਰਚਨਾ ਨਿੱਜੀ ਲਾਭ ਜਾਂ ਲੋਭ ਤੋਂ



www.AKJ.Org

ਨਿਰਲੇਪ ਹੋਣ ਦੇ ਫਲ-ਸਰੂਪ ਇਕ ਐਸੀ ਚਸਮ-ਦੀਦ ਗਵਾਹੀ ਹੈ, ਜਿਸ ਵਿਚ ਅੱਤਕਥਨੀ ਤੇ ਖ਼ੁਸ਼ਾਮਦ ਦਾ ਰੰਚਕ ਮਾਤਰ ਵੀ ਸਥਾਨ ਨਹੀਂ ਹੈ। ਸੁਤੰਤਰ ਵਿਚਾਰ ਤੇ ਆਜ਼ਾਦ ਤਬੀਅਤ ਦੇ ਮਾਲਕ ਭੱਟਾਂ ਦੁਆਰਾ ਗਾਈ ਉਸਤਤਿ ਵਿੱਦਵਤਾ-ਭਰਪੂਰ ਤੇ ਗਿਆਨ ਧਿਆਨ ਨਾਲ ਸ਼ਿੰਗਾਰੀ ਜੀਉਂਦੀ ਜਾਗਦੀ ਸਦੀਵੀ ਤਸਵੀਰ ਹੈ।

ਭੱਟਾਂ ਨੇ ਨਿਰਗੁਣ ਰਾਮ, ਵਾਹਿਗੁਰੂ ਨਾਮ, ਨਾਮ-ਰਸ, ਨਾਮ ਜੱਪਣ ਦੀਆਂ ਜੁਗਤੀਆਂ, ਨਾਮ ਅਭਿਆਸ, ਅਸਲੀ ਉੱਦਮ, ਚੜ੍ਹਦੀ ਕਲਾ, ਸਹਜ ਅਵਸਥਾ ਅਤੇ ਸੁੰਨ-ਸਮਾਧੀ ਬਾਰੇ ਜਿਹੜੇ ਵਿਚਾਰ ਦਿਤੇ ਹਨ ਅਤੇ ਸੰਬੰਧਤ ਸ਼ਬਦਾਵਲੀ ਦਾ ਪਰਯੋਗ ਕੀਤਾ ਹੈ, ਉਹ ਇਕ ਪਾਸੇ ਤਾਂ ਗੁਰੂ-ਵਿਅਕਤੀਆਂ ਦੀ ਅਥਾਹ ਮਹਿਮਾ ਦਾ ਪ੍ਰਕਾਸ਼ ਕਰਦੇ ਹਨ, ਦੂਸਰੇ ਪਾਸੇ ਆਪਣੀ ਗਿਆਨ-ਭਰਪੂਰ-ਅਵਸਥਾ ਨੂੰ ਅਮਲੀ ਜਾਮੇ ਵਿਚ ਪਹਿਨਾਉਣ ਦੇ ਕ੍ਰਿਸ਼ਮੇ ਦਾ ਵੀ ਸੂਚਕ ਹਨ।

ਸਤਿਗੁਰ ਹਰਿ ਨਾਮ ਦੇ ਗੰਜ ਤੋਂ ਅੰਤਰਮੁਖੀ ਸੁਰਤੀ ਬਿਰਤੀ ਵਾਲੇ ਹਨ, ਜਿਨ੍ਹਾਂ ਦਾ ਰੂਹਾਨੀ ਤੇਜ ਪਰਤਾਪ ਤਿੰਨਾਂ ਹੀ ਲੋਕਾਂ ਵਿਚ ਪ੍ਰਕਾਸ਼ਮਾਨ ਹੈ। ਆਪ ਜੀ ਦਾ ਦੀਦਾਰ ਕਰ ਕੇ ਗੁਰਸਿੱਖ ਦੀ ਅਵਸਥਾ ਵਿਚ ਜਿਹੜਾ ਪ੍ਰੀਵਰਤਨ ਹੁੰਦਾ ਹੈ, ਉਸ ਬਾਰੇ ਭੱਟ ਕਹਿੰਦੇ ਹਨ :–

ਨਾਮੁ ਨਿਧਾਨੁ ਧਿਆਨ ਅੰਤਰਗਤਿ ਤੇਜ ਪੁੰਜ ਤਿਹੁ ਲੋਗ ਪ੍ਰਗਾਸੇ ॥
ਦੇਖਤ ਦਰਸੁ ਭਟਕਿ ਭ੍ਰਮੁ ਭਜਤ ਦੁਖ ਪਰਹਰਿ ਸੁਖ ਸਹਜ ਬਿਗਾਸੇ ॥੬॥ (ਪੰਨਾ ੧੪੦੪)

ਭੱਟਾਂ ਨੇ ਸ਼ਬਦ "ਕੁੰਡਲਨੀ" ਦਾ ਪ੍ਰਯੋਗ ਕਰਕੇ ਆਪਣੇ ਅਧੂਰੇ ਸੁਪਨਿਆਂ ਨੂੰ ਸਾਕਾਰ ਰੂਪ ਵਿਚ ਬਦਲਣ ਦਾ ਸਬੂਤ ਦਿੱਤਾ ਹੈ। ਉਨ੍ਹਾਂ ਨੇ ਇੜਾ, ਪਿੰਗਲਾ, ਸੁਖਮਨਾ ਦੇ ਚੱਕਰ ਵਿਚ ਪਏ ਅਨੇਕਾਂ ਹੱਠੀਆਂ-ਤਪੀਆਂ ਨੂੰ ਤਕਿਆ ਹੋਵੇਗਾ ਤੇ ਇਸ ਦੇ ਪ੍ਰਤੀਕਰਮ ਨੂੰ ਵੀ ਘੋਖਿਆ ਹੋਵੇਗਾ। ਹਕੀਕਤਨ ਮਨਮਤੀ ਉਪਰਾਲਿਆਂ ਨਾਲ ਉਨ੍ਹਾਂ ਨੂੰ ਆਤਮਕ ਆਨੰਦ ਨਹੀਂ ਮਿਲਿਆ, ਜ਼ਿੰਦਗੀ ਦਾ ਚਮਤਕਾਰੀ ਪਾਸਾ ਨਹੀਂ ਦਿਸਿਆ, ਉਪਕਾਰ ਭਰਿਆ ਉਤਸ਼ਾਹ ਨਹੀਂ ਉਗਮਿਆ, ਤੇ ਮਨ ਨਿਰਾਸ਼ਾ ਦੀ ਵਲਗਣ ਤੋਂ ਬਾਹਰ ਨਹੀਂ ਆਇਆ। ਪਰ ਏਥੇ ਤਾਂ ਜ਼ਿੰਦਗੀ ਦੀ ਰੌ ਹੀ ਪਲਟ ਗਈ। ਭੱਟਾਂ ਨੂੰ ਗੁਰ-ਸੰਗਤ ਕੀ ਮਿਲੀ, ਪਿਆਸਿਆਂ ਦੇ ਮੁੱਖ ਵਿਚ ਸਵਾਂਤੀ ਬੂੰਦ ਪੈ ਗਈ। ਹਕੀਕੀ ਪਿਆਰ ਵਿਚ ਭਿੱਜੇ, ਗੁਰਬਾਣੀ ਦੇ ਕੀਰਤਨ ਨੂੰ ਸਰਵਣ ਕਰਕੇ ਸੁਖਮਨਾ ਨਾੜੀ ਦੀ ਜੜ੍ਹ ਵਿਚ ਸੱਪ ਵਾਂਗਰ ਸਾਢੇ ਤਿੰਨ ਕੁੰਡਲ ਮਾਰ ਕੇ ਸੁੱਤੀ ਕੁੰਡਲਨੀ, ਆਪਣੀ ਨੀਂਦਰ ਤਿਆਗ ਕੇ ਸੁਖਮਨਾ ਦੇ ਰਸਤੇ ਛੇ ਚੱਕਰਾਂ ਵਿਚੋਂ ਲੰਘਦੀ ਹੋਈ ਦਸਮ ਦੁਆਰ ਪਹੁੰਚ ਗਈ। ਭਗਤ ਕਬੀਰ ਜੀ ਅਨੁਸਾਰ–

"ਉਲਟਤ ਪਵਨ ਚਕ੍ਰ ਖਟੁ ਭੇਦੇ..."॥੧॥੪੭॥ (ਪੰਨਾ ੩੩੩)

ਵਾਲੀ ਘਟਨਾ ਘਟ ਗਈ। ਸਤਿਗੁਰ ਦੀ ਰਹਿਮਤ ਸਦਕਾ ਭੱਟਾਂ ਦੇ ਭਰਮਾਂ ਦੇ ਕੜ ਟੁੱਟ ਗਏ, ਹਿਰਦੇ ਵਿਚ ਨਾਮ ਪ੍ਰਕਾਸ਼ ਜਗਮਗਾ ਉਠਿਆ, ਅਨਹਦ ਸ਼ਬਦ ਦਸਵੇਂ-ਦੁਆਰ-ਪ੍ਰਗਟ ਹੋਇਆ ਤੇ ਅੰਮ੍ਰਿਤ-ਨਾਮ ਦੀ ਵਰਖਾ ਹੋਣੀ ਸ਼ੁਰੂ ਹੋ ਗਈ। ਕੀ ਉਨ੍ਹਾਂ ਵਿਅਕਤੀਆਂ ਨੇ ਇਸ ਤਰ੍ਹਾਂ ਦੀ ਉੱਚੀ ਅਵਸਥਾ ਨਾ ਮਾਣੀ ਹੋਵੇਗੀ ਜਿਨ੍ਹਾਂ ਦੀ ਲਿਖਤ ਗੁਰਬਾਣੀ ਬਣ ਗਈ? ਕਿਉਂ ਨਹੀਂ? ਇਸ ਤਰ੍ਹਾਂ ਦੀ ਬਖ਼ਸ਼ਸ਼ ਸਤਾ ਬਲਵੰਡ ਉਤੇ ਵੀ ਹੋਈ ਸੀ। ਗੁਰ-ਸੰਗਤ ਦੀ ਵਡਿਆਈ ਤੇ ਕੁੰਡਲਨੀ ਦੇ ਸੁਲਝਣ ਦੀ ਕਥਾ ਦਾ ਵਾਸਤਵਕ ਸਰੂਪ ਇਹ ਹੈ–

ਜਿਨਹੁ ਬਾਤ ਨਿਸਚਲ ਧ੍ਰੂਅ ਜਾਨੀ ਤੇਈ ਜੀਵ ਕਾਲ ਤੇ ਬਚਾ ॥
ਤਿਨ੍ ਤਰਿਓ ਸਮੁਦ੍ਰੁ ਰੁਦ੍ਰੁ ਖਿਨ ਇਕ ਮਹਿ ਜਲਹਰ ਬਿੰਬ ਜੁਗਤਿ ਜਗੁ ਰਚਾ ॥
ਕੁੰਡਲਨੀ ਸੁਰਝੀ ਸਤ ਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ ॥
ਸਿਰੀ ਗੁਰੂ ਸਾਹਿਬੁ ਸਭ ਊਪਰਿ ਮਨ ਬਚ ਕ੍ਰੰਮ ਸੇਵੀਐ ਸਚਾ ॥੫॥ (ਭੱਟ ਗਯੰਦ, ਪੰਨਾ ੧੪੦੨)

ਭੱਟਾਂ ਨੇ ਗੁਰੂ ਅਮਰਦਾਸ ਜੀ ਦੇ ਜੀਵਨ ਨਾਲ ਜੁੜੀਆਂ ਅਲੌਕਿਕ ਸ਼ਕਤੀਆਂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ। ਆਪ ਜੀ ਦੇ ਸੱਜੇ ਹੱਥ ਵਿਚ ਪਦਮ, ਖੱਬੇ ਹੱਥ ਵਿਚ ਰਿੱਧੀ ਅਤੇ ਸਨਮੁਖ ਸਿੱਧੀ ਹੁਕਮ ਦੀ ਪਾਲਣਾ ਕਰਨ ਲਈ ਆਗਿਆ ਦੀ ਉਡੀਕ ਵਿਚ ਹੈ। ਪਰ ਇਹ ਕਰਾਮਾਤੀ ਸ਼ਕਤੀ ਸੁਤੰਤਰ ਤੇ ਆਪ-ਹੁਦਰੀ ਨਹੀਂ, ਆਤਮਕ



www.AKJ.Org

ਸ਼ਕਤੀ ਦੇ ਅਧੀਨ ਹੈ–

ਨਵਨਿਧਿ ਨਾਮੁ ਨਿਧਾਨੁ ਰਿਧਿ ਸਿਧਿ ਤਾ ਕੀ ਦਾਸੀ ॥
ਸਹਜ ਸਰੋਵਰੁ ਮਿਲਿਓ ਪੁਰਖੁ ਭੇਟਿਓ ਅਬਿਨਾਸੀ...॥੭॥ (ਪੰਨਾ ੧੩੯੭)

ਭੱਟਾਂ ਨੇ ਇਸ ਸੰਬੰਧ ਵਿਚ, ਕਈ ਦੈਵੀ ਗੁਣਾਂ, ਆਤਮ ਗਿਆਨ, ਲਿਵ, ਪ੍ਰੇਮਾ ਭਗਤੀ, ਪ੍ਰੇਮ ਰਸ, ਅਮਰ ਪਦ ਤੇ ਪਾਰਸਮਈ ਛੁਹ ਦੀ ਵਿਆਖਿਆ ਕੀਤੀ ਹੈ। ਇਨ੍ਹਾਂ ਗੁਣਾਂ ਦੇ ਸਦਕੇ ਬੁੱਧੀ, ਆਤਮਾ ਤੇ ਮਨ ਦੀ ਅਵਸਥਾ ਵਿਚ ਹੋਈ ਤਬਦੀਲੀ, ਹਿਰਦੇ ਵਿਚ ਕੰਵਲ ਫੁੱਲ ਖਿੜਨੇ ਦੇ ਅਦਭੁਤ ਚਮਤਕਾਰ ਤੇ ਹਰੀ ਪ੍ਰਾਪਤੀ ਦਾ ਚਿਤ੍ਰ ਭੱਟਾਂ ਨੇ ਇਨ੍ਹਾਂ ਸ਼ਬਦਾਂ ਵਿਚ ਉਲੀਕਿਆ ਹੈ–

ਸਤਿਗੁਰ ਮਤਿ ਗੂੜ੍ਹ ਬਿਮਲ ਸਤਸੰਗਤਿ ਆਤਮੁ ਰੰਗਿ ਚਲੂਲੁ ਭਯਾ ॥
ਜਾਗ੍ਯਾ ਮਨੁ ਕਵਲੁ ਸਹਜਿ ਪਰਕਾਸ੍ਯਾ ਅਭੈ ਨਿਰੰਜਨੁ ਘਰਹਿ ਲਹਾ ॥...॥੩॥ (ਪੰਨਾ ੧੩੯੬-੯੭)

ਵੇਪਰਵਾਹ ਪਰਮਾਤਮਾ ਦਾ ਇਹ ਵੀ ਅਜਬ ਕੌਤਕ ਹੈ ਕਿ ਵੱਡੇ ਪੈਮਾਨੇ ਤੇ ਆਪਣੇ ਨਿਰੰਕਾਰੀ ਸਰੂਪ ਦੀ ਵਡਿਆਈ ਕਰਾਉਣ ਦਾ ਸੁਭਾਗਾ ਕਾਰਜ ਸਤਿਗੁਰੂ ਨਾਨਕ ਦੇਵ ਜੀ ਨੂੰ ਸੌਂਪਿਆ ਅਤੇ ਆਕਾਰੀ ਸਰੂਪ ਦੀ ਮਹਿਮਾ ਗਾਵਣ ਦਾ ਮਾਣ ਭੱਟਾਂ ਨੂੰ ਬਖ਼ਸ਼ਿਆ। ਇਸ ਵਿਚ ਸੰਦੇਹ ਨਹੀਂ ਕਿ ਭੱਟਾਂ ਦੇ ਸਵਈਆਂ ਦਾ ਵਿਸ਼ਾ-ਵਸਤੂ ਬਿਰਹੋਂ ਦੀ ਪੀੜਾ, ਨਿਰਾਸਤਾ ਦਾ ਅੰਧੇਰਾ ਜਾਂ ਪਿਆਸੇ ਦੀ ਤੜਪ ਨਹੀਂ, ਬਲਕਿ ਪਹਿਲੇ ਪੰਜੇ ਗੁਰੂ ਸਾਹਿਬਾਨ ਦੀ ਉਸਤਤਿ ਵਿਚ ਦੈਵੀ ਪ੍ਰਕਾਸ਼ ਦੇ ਪਸਾਰੇ, ਨਾਮ ਸੁਗੰਧੀ, ਰੱਬੀ ਜੋਤਿ ਦੇ ਮਿਲਾਪ ਅਤੇ ਸਹਿਜ ਅਵਸਥਾ ਅੰਦਰ ਪ੍ਰੇਮ-ਭਾਵਨਾ ਵਿਚ ਰੰਗੀਜੇ ਜਜ਼ਬਾਤ ਦਾ ਉਮਡ ਉਮਡ ਪੈਂਦਾ ਪ੍ਰਗਟਾਵਾ ਹੈ।

---

[੧੯ ਸਫ਼ੇ ਦੀ ਬਾਕੀ]

ਲੜਾਈ ਵਿਚ ਕਾਫੀ ਨੁਕਸਾਨ ਦੀ ਮਾਰ ਵਿਚ ਆ ਗਿਆ ਸੀ, ਚੰਗੀ ਤਰ੍ਹਾਂ ਮੁਰੰਮਤ ਕਰਵਾ ਲਈ। ਇਹ ਜਗ੍ਹਾ ਫਿਰ ਅਗਲੇ ਦੋ ਸਾਲ ਲਈ, ਸਿੱਖਾਂ ਦੇ ਰਾਜ ਦੀ ਰਾਜਧਾਨੀ ਬਣ ਗਈ ਅਤੇ ਕੇਸਰੀ ਨਿਸ਼ਾਨ ਉਸ ਉਤੇ ਲਹਿਰਾਉਣ ਲਗ ਪਿਆ।

## ਫੁਟ ਨੋਟ ਤੇ ਹਵਾਲੇ

੧ ਤਾਰੀਖ਼-ਏ-ਮੁਹੰਮਦ ਸ਼ਾਹੀ, ਪੰਨਾ ੨੨੩-ਅ
੨ ਤਾਰੀਖ਼-ਏ-ਮੁਹੰਮਦ ਸ਼ਾਹੀ, ਪੰਨਾ ੨੨੩-ਅ, ੨੨੪-ਅ

### ਰੁੱਕਾਅ ਪੰਜਵਾਂ

੩. ਕੈਫ਼ੀਅਤੇ ਤਾਜ਼ਾ ਜਹਾਨ ਮਦਾਰ ਈਂ ਅਸਤ ਹਮਾਂ ਰੋਜ਼ ਕਿ ਨਾਨਕ-ਪ੍ਰਸਤਾਂ ਬ-ਸਜ਼ਾਇ ਜ਼ਿਆਦਾ ਖ਼ੀਰਾ ਸੀਰਤਹਾਏ ਰਸੀਦੰਦ ਹੁਕਮ ਕਜ਼ਾ ਸ਼ੇਅਮ ਸਦੂਰ ਯਾਫ਼ਤ ਕਿ ਰੀਸ਼-ਏ-ਹਿੰਦੂਆਂ ਉਰਦੂ-ਏ-ਮੁਅੱਲਾ ਯਕਸਰ ਤਰਾਸ਼ੰਦ ਵ ਬਮੂਬਜਾਤ ਇਬਲਾਗ਼ ਅਹਿਕਾਮ ਜਹਾਨ ਮੁਤਾਹ ਨਮਾਇੰਦ ਕਿ ਹੇਚ ਯਕੇ ਬੇਦੀਨੇ ਰੀਸ਼ ਦਰਾਜ਼ ਨਾ ਬਾਸ਼ਦ ਹਰ ਕਿਹ ਰਾ ਯਾਬੰਦ ਰੀਸ਼ਸ਼ ਬਰ ਕੁਨੰਦ। ਚੁਨਾਂਚਿ ਬਰ ਤਬਕ੍ਹ ਯਰਲੀਗ਼ ਕਜ਼ਾ ਤਬਲੀਗ਼ ਦਰ ਤਮਾਮੀ ਮੁਮਾਲਕ ਮਹਿਰੂਸਾ ਮਨਾਸ਼ੀਰ ਹਸਬੁਲ ਹੁਕਮ ਇਮਜ਼ਾ ਪਜ਼ੀਰਫ਼ਤ। ਦਰ ਹਜ਼ੂਰ ਤੁਰਫ਼ਾ ਸੁਹਬਤੇ ਰੂਏਦਾਦ ਕਿ ਸਰਹੰਗਾਨੇ ਦੇਵ ਸੀਰਤ ਦਰ ਕੂਚਾ ਵ ਬਾਜ਼ਾਰ ਸਰਤਰਾਸ਼ਾਂ ਹਮਰਾਹ ਵ ਆਬ ਕਸ਼ੀਫ਼ ਦਰ ਜ਼ਰੂਫ਼ ਕਨਾਸਾਂ ਨਜਾਸਤ ਦਸਤਗਾਹ ਹਰ ਕਿਹ ਮੀ ਯਾਫ਼ਤੰਦ ਬ-ਬੇਹੁਰਮਤੀ ਰੀਸ਼ਸ਼ ਮੀ ਤਰਾਸ਼ੀਦੰਦ ਵ ਦਸਤਾਰ ਵ ਜਾਮਾ ਅਸ਼ ਮੀ ਕਸ਼ੀਦੰਦ ਮੁਤਸੱਦਿਆਨ-ਏ-ਸਰਕਾਰ-ਏ-ਬਾਦਸ਼ਾਹੀ ਵ ਬਾਦਸ਼ਾਰ-ਜ਼ਾਦਾ-ਹਾਏ ਵ ਦੀਗਰ ਹਨੂਦ ਰੂ-ਸ਼ਨਾਸ ਦਰ ਖ਼ਾਨਾਹਾਏ ਖ਼ੁਦ ਰੀਸ਼ ਦੂਰ ਕਰਦਾ ਦਰ ਹਜ਼ੂਰੀ ਆਮਦੰਦ ਅਲਹਾਸਲ ਈਂ ਹੰਗਾਮ੍ਹਾ ਬਾਲਾ ਗ੍ਰਿਫ਼ਤ ਵ ਰੋਜ਼ ਬਰੋਜ਼ ਜ਼ਿਆਦਾ ਭਰਮੀ ਗਸ਼ਤ ਨਾਗਾਹ ਦੁਰ ਸਵਾਦ-ਏ-ਲਾਹੌਰ ਡੇਰਾ ਦੌਲਤ ਵ ਇਕਬਾਲ ਬਰਪਾ ਸ਼ੁਦ ਵ ਬਰਾਏ ਤਿਆਰੀਏ ਜਸ਼ਨ ਜਲੂਸ ਮੇਮਨਤ ਮਾਨੂਸ ਹੁਕਮ ਵਾਲਾ ਇੱਜ਼ ਨਫ਼ਾਜ਼ ਯਾਫ਼ਤ।

(ਰੁਕਆਤ ਅਮੀਨੁੱਦੌਲਾ-ਦਸਤੂਰੁਲ ਇਨਸ਼ਾਅ–੯-ਬੇ)



www.AKJ.Org

# ਅੰਮ੍ਰਿਤ-ਕਲਾ ਤੇ ਸੱਚ ਖੰਡ

[ਸੂਬੇਦਾਰ ਧਰਮ ਸਿੰਘ ਜੀ, ਸੁਜੋਂ]

ਜਪੁ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ-ਪੁਰਖ ਦੀ ਰਚਨਾ ਵਿਚ ਪੰਜਾਂ ਖੰਡਾਂ ਦਾ ਜ਼ਿਕਰ ਕੀਤਾ ਹੈ–

ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸੱਚ ਖੰਡ।

ਇਨ੍ਹਾਂ ਖੰਡਾਂ ਬਾਰੇ ਕੁਝ ਸਿਆਣਿਆਂ ਦਾ ਇਹ ਵਿਚਾਰ ਹੈ ਕਿ ਇਹ ਖੰਡ ਗੁਰਮੁਖ ਜਨਾਂ ਦੇ ਅਨੁਭਵ ਦੇ ਵਖੋ ਵਖ ਪੜਾਉ ਹਨ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਆਪਣੀ ਪੁਸਤਕ "ਸੱਚਖੰਡ ਦਰਸ਼ਨ" ਵਿਚ ਦਸਿਆ ਹੈ ਕਿ ਇਹ ਅਨੁਭਵ ਦੀਆਂ ਮੰਜ਼ਲਾਂ ਨਹੀਂ, ਸਗੋਂ ਦਿਬਯ-ਲਤੀਫ਼ੀ ਮੰਡਲਾਂ ਦੇ ਵਖੋ ਵਖ ਖੰਡ ਜਾਂ ਹਿਸੇ ਹਨ, ਜਿਥੇ ਪ੍ਰਾਣੀ ਮਾਤ-ਲੋਕ ਵਿਚੋਂ ਇਹ ਸਰੀਰ ਤਿਆਗਣ ਉਪਰੰਤ ਆਪਣੀ ਕੀਤੀ ਕਮਾਈ ਅਨੁਸਾਰ ਵਖੋ ਵਖ ਖੰਡਾਂ ਵਿਚ ਪਰਵੇਸ਼ ਕਰਦੇ ਹਨ।

ਇਸ ਮਾਤ-ਲੋਕ ਦੇ ਬ੍ਰਹਿਮੰਡਾਂ ਦੇ ਵਿਸਥਾਰ ਵਿਚ ਜਾਈਏ ਤਾਂ ਇਨ੍ਹਾਂ ਦੀ ਵਿਸ਼ਾਲਤਾ ਨੂੰ ਦੇਖ ਅਕਲ ਚਕ੍ਰਿਤ ਹੋ ਕੇ ਰਹਿ ਜਾਂਦੀ ਹੈ। ਵੰਨਗੀ ਮਾਤਰ:–ਪਹਿਲਾਂ ਤਾਰਾ ਵਿਗਿਆਨੀਆਂ ਦਾ ਇਹ ਵਿਚਾਰ ਸੀ ਕਿ ਬ੍ਰਹਿਮੰਡ ਵਿਚ ੧੦੦ ਕਰੋੜ ਤਾਰੇ ਹਨ, ਪਰ ਹੁਣ ਬਹੁਤ ਵਡੀਆਂ ਦੂਰਬੀਨਾਂ ਦੇ ਬਣ ਜਾਣ ਨਾਲ, ਵਿਗਿਆਨੀਆਂ ਨੇ ਸਾਡੀ ਨਜ਼ਦੀਕੀ ਆਕਾਸ਼-ਗੰਗਾ ਵਰਗੀਆਂ ਹਜ਼ਾਰਾਂ ਹੀ ਆਕਾਸ਼-ਗੰਗਾਵਾਂ ਲਭੀਆਂ ਹਨ। ਦੂਰ ਦੀਆਂ ਆਕਾਸ਼-ਗੰਗਾਵਾਂ ਦਾ ਤਾਂ ਕਿਆ ਜ਼ਿਕਰ, ਸਾਡੇ ਨਾਲ-ਲਗਦੀ ਸਭ ਤੋਂ ਨਜ਼ਦੀਕੀ ਆਕਾਸ਼-ਗੰਗਾ ਦੀ ਦੂਰੀ ਕਿਲੋ ਮੀਟਰਾਂ ਵਿਚ ਤਾਂ ਨਾਪੀ ਨਹੀਂ ਜਾ ਸਕਦੀ, ਇਸ ਨੂੰ "ਪ੍ਰਕਾਸ਼-ਵਰ੍ਹਿਆਂ" ਦੇ ਨਾਪ ਨਾਲ ਹੀ ਨਾਪ ਸਕਦੇ ਹਾਂ। ਪ੍ਰਕਾਸ਼ ਜਾਂ ਰੌਸ਼ਨੀ ਇਕ ਸੈਕੰਡ ਵਿਚ ਕੋਈ ਤਿੰਨ ਲੱਖ ਕਿਲੋਮੀਟਰ ਚਲਦੀ ਹੈ। ਇਕ ਸਾਲ ਵਿਚ, ਤਿੰਨ ਲੱਖ ੬੦ ਸੈਕੰਡ, ੬੦ ਮਿੰਟ, ੨੪ ਘੰਟੇ, ੩੬੫ ਦਿਨ ਦਾ ਹਿਸਾਬ ਲਾਈਏ ਤਾਂ ਇਕ ਸਾਲ ਵਿਚ ਗਿਆਰਾਂ ਖ਼ਰਬ, ਅੱਸੀ ਅਰਬ (੧੧, ੮੦, ੦੦, ੦੦, ੦੦, ੦੦੦) ਕਿਲੋ ਮੀਟਰ ਬਣ ਜਾਂਦੀ ਹੈ। ਇਸ ਹਿਸਾਬ ਨਾਲ ਚੰਦ ਸਾਥੋਂ ਸਵਾ ਸੈਕੰਡ ਤੇ ਸੂਰਜ ਸਾਥੋਂ ੮.੩ ਮਿੰਟ ਦੀ ਦੂਰੀ ਤੇ ਹੈ। ਨਜ਼ਦੀਕੀ ਆਕਾਸ਼ ਗੰਗਾ ਦਾ ਫ਼ਾਸਲਾ ਸਾਥੋਂ ਕੋਈ (੨੦) ਲਖ "ਪ੍ਰਕਾਸ਼ ਵਰ੍ਹੇ" ਦੇ ਫ਼ਾਸਲੇ ਤੇ ਹੈ। ਬਾਕੀ ਹਜ਼ਾਰਾਂ ਆਕਾਸ਼-ਗੰਗਾਵਾਂ ਦਾ ਫ਼ਾਸਲਾ ਤਾਂ ਬਿਆਨ ਤੋਂ ਬਾਹਰਾ ਹੈ।

ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਪੁਸਤਕ "ਸੱਚਖੰਡ ਦਰਸਨ" ਅਨੁਸਾਰ, ਇਹ ਹਜ਼ਾਰਾਂ ਆਕਾਸ਼-ਗੰਗਾਵਾਂ ਵਾਲਾ ਮਾਤ-ਲੋਕ, ਧਰਮ ਖੰਡ ਦੇ ਅੰਤਰਗਤ (ਦਾਇਰੇ ਅੰਦਰ) ਹੈ। ਭਾਵ, ਧਰਮ ਖੰਡ, ਮਾਤ ਲੋਕ ਦੇ ਚਾਰ ਚੁਫੇਰੇ ਛਾਇਆ ਹੋਇਆ ਹੈ। ਇਸ ਹਿਸਾਬ ਨਾਲ ਧਰਮ ਖੰਡ ਕਿਤਨਾ ਬੜਾ ਹੋਵੇਗਾ ? 'ਧਰਮ ਖੰਡ' ਗਿਆਨ ਖੰਡ ਦੇ, 'ਗਿਆਨ ਖੰਡ' ਸਰਮ ਖੰਡ ਦੇ, 'ਸਰਮ ਖੰਡ' ਕਰਮ ਖੰਡ ਦੇ, ਤੇ 'ਕਰਮ ਖੰਡ' ਸੱਚ ਖੰਡ ਦੇ ਅੰਤਰਗਤ ਹੈ। ਸੱਚ ਖੰਡ ਦੇ ਵਿਸਥਾਰ ਦਾ ਹਿਸਾਬ ਤਾਂ ਕਿਆ, ਇਸ ਦਾ ਤਾਂ ਅਨੁਮਾਨ ਭੀ ਸਾਡਾ ਦਿਮਾਗ ਨਹੀਂ ਲਾ ਸਕਦਾ, ਸਿਰਫ ਬੇਅੰਤ ਆਖ ਕੇ ਚੁੱਪ ਹੋਣਾ ਪੈਂਦਾ ਹੈ। "ਸਚਖੰਡਿ ਵਸੈ ਨਿਰੰਕਾਰੁ" ਦੇ ਵਾਕ ਅਨੁਸਾਰ, ਅਕਾਲ ਪੁਰਖ ਦਾ ਨਿਵਾਸ ਸੱਚ ਖੰਡ ਵਿਖੇ ਹੈ।

ਕਈ ਸ਼ੰਕਾ-ਵਾਦੀ ਸ਼ੰਕਾ ਕਰਦੇ ਹਨ ਕਿ ਅਕਾਲ ਪੁਰਖ ਜੋ ਸਰਬ ਨਿਵਾਸੀ ਹੈ, ਇਸ ਨੂੰ ਇਕ-ਦੇਸੀ, ਭਾਵ, ਸਿਰਫ ਸੱਚ ਖੰਡ ਦਾ ਵਾਸੀ ਕਿਵੇਂ ਮੰਨ ਲਿਆ ਜਾਵੇ ? ਅਸਲ ਵਿਚ–

"ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥੩॥

ਰਾਮਕਲੀ ਮ: ੧ ਓਅੰਕਾਰੁ, ਪੰਨਾ ੯੩੦

**ਅਕਾਲ ਪੁਰਖ ਜਾਂ ਸਤਿਗੁਰ ਜੀ ਹੀ ਇਸ ਦੀ ਅਸਲੀਅਤ ਨੂੰ ਜਾਣਦੇ ਹਨ। ਅਸੀਂ ਤਾਂ ਦ੍ਰਿਸ਼ਟਾਂਤਾਂ ਦੀ ਮਦਦ ਨਾਲ**



www.AKJ.Org

ਹੀ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰ ਸਕਦੇ ਹਾਂ।

ਗੁਰਬਾਣੀ ਵਿਚ ਆਇਆ ਹੈ ਕਿ ੪੨ ਲਖ ਜੂਨੀ ਧਰਤੀ ਤੇ, ੪੨ ਲਖ ਜੂਨੀ ਪਾਣੀ ਦੇ ਅੰਦਰ ਰਹਿੰਦੀ ਹੈ। ਜਿਸ ਤਰ੍ਹਾਂ ਧਰਤੀ ਤੇ ਦਰਿਆ ਵਗਦੇ ਹਨ, ਇਸੀ ਤਰ੍ਹਾਂ ਹੀ ਸਮੁੰਦਰ ਦੇ ਅੰਦਰ ਭੀ ਦਰਿਆ ਚਲਦੇ ਹਨ, ਜਿਨ੍ਹਾਂ ਨੂੰ 'ਰੌਆ' ਆਖਿਆ ਜਾਂਦਾ ਹੈ। ਇਨ੍ਹਾਂ ਵਿਚੋਂ ਕੁਝ ਰੌਆਂ ਗਰਮ ਤੇ ਕੁਝ ਠੰਡੇ ਪਾਣੀ ਦੀਆਂ ਹਨ, ਜਦੋਂ ਕਿ ਸਮੁੰਦਰ ਦਾ ਬਾਕੀ ਪਾਣੀ, ਇਕ-ਸਾਰ ਹੈ। ਕਈ ਥਾਈਂ ਗਰਮ ਤੇ ਸਰਦ ਰੌਆਂ ਦਾ ਮਿਲਾਪ ਹੁੰਦਾ ਹੈ, ਉਥੇ ਅਤਿ ਦੀ ਧੁੰਧ ਪੈਂਦੀ ਹੈ, ਜਿਵੇਂ ਕਿ ਅਮਰੀਕਾ ਦੇ ਨਜ਼ਦੀਕ, ਨੀਊ ਫ਼ਾਊਂਡਲੈਂਡ ਦਾ ਟਾਪੂ ਇਸ ਦੀ ਪਰਤੱਖ ਮਿਸਾਲ ਹੈ।

ਇਨ੍ਹਾਂ ਰੌਆਂ ਵਿਚ ਭੀ ਕਰੋੜਾਂ ਜੀਵ ਜੰਤੂ ਵਸਦੇ ਹਨ। ਇਹ ਜੀਵ ਜੰਤੂ ਜੇ ਇਹ ਸਮਝ ਲੈਣ ਕਿ ਉਨ੍ਹਾਂ ਦੀ ਦੁਨੀਆ ਤਾਂ ਉਹ ਰੌ ਹੀ ਹੈ, ਜਿਸ ਵਿਚ ਉਹ ਵਸਦੇ ਹਨ, ਤੇ ਸਮੁੰਦਰ ਉਨ੍ਹਾਂ ਤੋਂ ਦੂਰ ਕਿਤੇ ਵਖ ਹੈ, ਤਾਂ ਇਹ ਦਰੁਸਤ ਨਹੀਂ। ਹਕੀਕਤ ਇਹ ਹੈ ਕਿ 'ਰੌ' ਸਮੁੰਦਰ ਦੇ ਅੰਦਰ ਹੈ ਤੇ ਜੀਵ ਜੰਤੂ 'ਰੌ' ਦੇ ਅੰਦਰ ਹੁੰਦੇ ਹੋਏ ਭੀ ਸਮੁੰਦਰ ਦੇ ਹੀ ਅੰਦਰ ਹਨ, ਕਿਤੇ ਵੱਖ ਨਹੀਂ। ਇਸੀ ਤਰ੍ਹਾਂ **ਕੁਲ ਕਾਇਨਾਤ; 'ਸੱਚ ਖੰਡ' ਦੇ ਅੰਤਰਗਤ ਹੈ**–"ਸੱਚ ਖੰਡਿ ਵਸੈ ਨਿਰੰਕਰੁ", **ਸਾਰਾ ਸਥੂਲ ਤੇ ਸੂਖਸ਼ਮ ਸੰਸਾਰ "ਨਿਰੰਕਾਰ" ਦੇ ਅੰਤਰਗਤ ਹੈ**। ਦਰਿਆ ਅੰਦਰ ਵਸਦੇ ਜੀਵ, ਦਰਿਆ ਦੇ ਪਾਣੀ ਦੇ ਅੰਦਰ ਹਨ ਤੇ ਦਰਿਆ ਦਾ ਪਾਣੀ ਉਨ੍ਹਾਂ ਦੇ ਚਾਰ-ਚੁਫੇਰੇ ਫੈਲਿਆ ਹੋਇਆ ਹੈ--

ਤੂੰ ਦਰੀਆਉ ਸਭ ਤੁਝ ਹੀ ਮਾਹਿ ॥ (ਆਸਾ ਮ: ੪, ਪੰਨਾ ੧੧)

ਦਰਿਆ, ਜੀਵਾਂ ਤੋਂ ਵੱਖਰਾ ਕਿਤੇ ਉਨ੍ਹਾਂ ਤੋਂ ਪਰੇ ਨਹੀਂ ਹੈ। ਇਸੀ ਤਰ੍ਹਾਂ ਹੀ ਕੁਲ ਕਾਇਨਾਤ ਸੱਚਖੰਡ ਦੇ ਅੰਤਰਗਤ ਵਸਦੀ ਹੈ। ਅਕਾਲ ਪੁਰਖ ਸੱਚਖੰਡ ਵਸਦਾ ਹੋਇਆ ਭੀ, ਕੁਲ ਕਾਇਨਾਤ ਦੇ ਵਿਚ, ਉਪਰ ਦੂੰ ਤੇ ਚਾਰ ਚੁਫੇਰੇ ਵਸਦਿਆਂ ਹੋਇਆਂ **'ਸਰਬ ਨਿਵਾਸੀ' ਹੈ**।

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ (ਭਗਤ ਪੀਪਾ ਜੀ, ਪੰਨਾ ੬੯੫)

ਉਪਰ ਲਿਖਿਆ ਇਤਨਾ ਵੱਡਾ ਵਿਸਥਾਰ ਇਕ ਛੋਟੇ ਜਿਹੇ ਪਿੰਡੇ (ਸਰੀਰ) ਵਿਚ ਕਿਵੇਂ ਸਮਾਇਆ ਹੋਇਆ ਹੈ ? ਇਹ ਤਾਂ ਵਾਹਿਗੁਰੂ ਹੀ ਜਾਣੇ, ਪਰ ਆਪਣੇ ਸਮਝਣ ਲਈ ਐਉਂ ਸਮਝ ਲਈਏ ਕਿ ਬੋਹੜ ਦਾ ਇਤਨਾ ਵੱਡਾ ਦਰੱਖ਼ਤ, ਉਸ ਦੇ ਨਿੱਕੇ ਜਿਹੇ ਬੀਜ ਵਿਚ ਛਪਿਆ ਹੋਇਆ ਹੁੰਦਾ ਹੈ। ਸਿਆਣੇ ਦਸਦੇ ਹਨ ਕਿ ਨਾਭੀ ਵਿਖੇ 'ਆਤਮਾ' ਦਾ ਅਤੇ ਦਸਮ-ਦੁਆਰ ਵਿਖੇ 'ਪਰਮ-ਆਤਮਾ' ਦਾ ਨਿਵਾਸ ਹੈ। ਜਿਥੇ ਅਕਾਲ ਪੁਰਖ ਹੈ ਉਥੇ ਉਸ ਦਾ ਸਾਰਾ ਹੀ ਪਸਾਰਾ ਭੀ ਨਾਲ ਹੀ ਮੌਜੂਦ ਹੈ। ਇਸ ਲਈ ਅਸੀਂ ਅਕਾਲ ਪੁਰਖ ਨੂੰ ਸੱਚਖੰਡ ਵਿਚੋਂ ਲਭਣ ਦੀ ਥਾਂ, ਗੁਰਮਤਿ ਅਨੁਸਾਰ, ਆਪਣੇ ਹੀ ਦਸਮ-ਦੁਆਰ ਵਿਚ ਤਲਾਸ਼ ਕਰਨ ਦੀ ਕੋਸ਼ਿਸ਼ ਕਰਦੇ ਹਾਂ।

**ਗੁਰਮਤਿ ਦੇ ਸਿਧਾਂਤ** ਦੀ ਬੁਨਿਆਦ ਅੰਮ੍ਰਿਤ-ਕਲਾ ਤੇ ਰਖੀ ਗਈ ਹੈ। ਅੰਮ੍ਰਿਤ ਪਾਨ ਕਰਨ ਵੇਲੇ, ਸਤਿਗੁਰੂ ਦੀ ਅਪਾਰ ਕਿਰਪਾ ਦੁਆਰਾ, ਕਰਨੀ-ਕਮਾਈ ਵਾਲੇ ਨਾਮ-ਅਭਿਆਸੀ ਪੰਚ ਜਨਾਂ ਦੀ ਮਾਰਫ਼ਤ, ਇਹ ਕਲਾ ਵਰਤਦੀ ਹੈ। ਜਦੋਂ ਸਾਡੇ ਅੰਦਰ ਅੰਮ੍ਰਿਤ-ਕਲਾ* ਕਾਇਮ ਹੁੰਦੀ ਹੈ ਤਾਂ "ਗੁਰਬਾਣੀ" ਦਾ ਕਿਤੇ ਭੀ ਪਾਠ ਜਾਂ ਕੀਰਤਨ ਹੁੰਦਾ ਹੋਵੇ, "ਗੁਰਬਾਣੀ" ਦੀ ਆਵਾਜ਼ ਸਾਡੇ ਕੰਨਾਂ ਵਿਚ ਪੈ ਜਾਵੇ, ਤਾਂ ਅੰਮ੍ਰਿਤ-ਕਲਾ ਤੇ ਗੁਰਬਾਣੀ ਲੋਹੇ ਅਤੇ ਚਮਕ-ਪੱਥਰ (ਮਿਕਨਾਤੀਸ) ਵਾਂਗੂੰ ਇਕ ਦੂਜੇ ਵਲ ਖਿਚੇ ਜਾ ਕੇ ਆਪਸ ਵਿਚ ਜੁੜ ਜਾਂਦੇ

*ਪੰਥ ਅੰਦਰ ਰਾਗ ਮਾਲਾ ਦੇ ਗੁਰਬਾਣੀ ਹੋਣ ਜਾਂ ਨਾ ਹੋਣ ਬਾਰੇ ਕਾਫ਼ੀ ਰੌਲਾ ਹੈ। ਕਈ ਇਸ ਨੂੰ ਗੁਰਬਾਣੀ ਆਖਦੇ ਹਨ, ਕਈ ਕੱਚੀ ਬਾਣੀ ਜਾਂ ਆਲਮ ਕਵੀ ਦੀ ਰਚਨਾ ਦਸਦੇ ਹਨ। ਜਦੋਂ ਸਾਡੇ ਪਾਸ 'ਗੁਰਬਾਣੀ ਪਰਖਣ ਦੀ ਕਸਵੱਟੀ' ਮੌਜੂਦ ਹੈ ਤਾਂ ਕਿਉਂ ਨਾ ਇਸ ਨੂੰ ਕਸਵੱਟੀ ਤੇ ਪਰਖ ਲਿਆ ਜਾਵੇ। ਪਰ ਸ਼ਰਤ ਇਹ ਹੈ ਕਿ ਪਰਖਣ ਵਾਲੇ ਸੱਜਣਾਂ ਦੇ ਅੰਦਰ, ਅੰਮ੍ਰਿਤ-ਕਲਾ ਦਾ ਹੋਣਾ ਲਾਜ਼ਮੀ ਹੈ, ਆਪੇ ਹੀ ਪਤਾ ਲਗ ਜਾਵੇਗਾ ਕਿ ਇਹ 'ਗੁਰਬਾਣੀ' ਹੈ ਜਾਂ ਨਹੀਂ।



www.AKJ.Org

ਰਨ। ਅੰਦਰ ਚਲ ਰਿਹਾ "ਨਾਮ ਸਿਮਰਨ" ਦੂਣ ਸਵਾਏ ਵੇਗ ਵਿਚ ਚਾਲੂ ਹੋ ਜਾਂਦਾ ਹੈ। ਜੇ ਬਾਣੀ ਦਾ ਪਾਠ ਜਾਂ ਕੀਰਤਨ ਕਰਦੇ ਹੋਏ, ਵਿਚ ਵਿਚਾਲੇ ਕਚੀ ਬਾਣੀ ਦੀ ਕੋਈ ਆਵਾਜ਼ ਆ ਜਾਵੇ ਤਾਂ ਸਿਮਰਨ ਦੀ ਇਹ ਲੈਅ ਟੁਟ ਜਾਂਦੀ ਹੈ। ਦੋਬਾਰਾ ਗੁਰਬਾਣੀ ਦੀ ਆਵਾਜ਼ ਅਰੰਭ ਹੋਣ ਤੇ ਫੇਰ ਨਾਮ ਦੜ੍ਹਦੀ ਕਲਾ ਵਿਚ ਚਾਲੂ ਹੋ ਜਾਂਦਾ ਹੈ।

ਅੰਮ੍ਰਿਤ ਪਾਨ ਕੀਤੇ ਬਗ਼ੈਰ, ਅੰਦਰ ਅੰਮ੍ਰਿਤ-ਕਲਾ ਚਾਲੂ ਨਹੀਂ ਹੁੰਦੀ। ਅੰਮ੍ਰਿਤ-ਕਲਾ ਤੋਂ ਬਗ਼ੈਰ, ਦਸਮ ਦੁਆਰ ਦੇ ਬੱਜਰ ਕਪਾਟ ਨਹੀਂ ਖੁਲ੍ਹਦੇ। ਬੱਜਰ ਕਪਾਟ ਖੁਲ੍ਹੇ ਬਗ਼ੈਰ, ਦਸਮ-ਦੁਆਰੇ ਗੋਬਿੰਦ ਨਹੀਂ ਗਜ ਦਾ। ਭਾਵ, ਅਕਾਲ ਪੁਰਖ ਦਾ ਮਿਲਾਪ ਨਹੀਂ ਹੁੰਦਾ। ਅਕਾਲ ਪੁਰਖ ਦਾ ਵਸਲ (ਮਿਲਾਪ) ਹਾਸਲ ਕਰਨ ਲਈ, ਅੰਮ੍ਰਿਤ ਪਾਨ ਕਰਨਾ ਇਕ ਲਾਜ਼ਮੀ ਸ਼ਰਤ ਹੈ। ਦਸਮ-ਦੁਆਰੇ ਅਕਾਲ ਪੁਰਖ ਦਾ ਮਿਲਾਪ ਹੋਣ ਕਰਕੇ, ਜਦੋਂ ਅਸੀਂ ਇਹ ਸਰੀਰ ਤਿਆਗਦੇ ਹਾਂ ਤਾਂ ਅਕਾਲ ਪੁਰਖ ਸਾਨੂੰ ਸੱਚਖੰਡ ਵਿਖੇ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਦਾ ਹੈ। ਇਸ ਨੂੰ ਐਉਂ ਭੀ ਆਖ ਸਕਦੇ ਹਾਂ ਕਿ ਅੰਮ੍ਰਿਤ ਪਾਨ ਕੀਤੇ ਬਗ਼ੈਰ ਸੱਚਖੰਡ ਦਾ ਵਾਸਾ ਨਸੀਬ ਨਹੀਂ ਹੁੰਦਾ।

ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਹਰ ਅੰਮ੍ਰਿਤਧਾਰੀ ਸੱਜਣ ਦਾ ਇਹ ਸਰੀਰ ਤਿਆਗਣ ਤੇ ਸੱਚਖੰਡ ਦਾ ਵਾਸੀ ਹੋ ਜਾਂਦਾ ਹੈ। ਬਹੁਤ ਸਾਰੇ ਅੰਮ੍ਰਿਤਧਾਰੀ ਸੱਜਣ, ਸੱਚਖੰਡ ਤਾਂ ਕਿਆ, ਗਿਆਨ ਖੰਡ ਵਿਚ ਵੀ ਪਰਵੇਸ਼ ਕਰਨਾ ਨਹੀਂ ਪਾਉਂਦੇ। ਸੱਚਖੰਡ ਦੇ ਵਾਸੀ ਬਣਨ ਲਈ ਜਿਥੇ ਅੰਮ੍ਰਿਤ ਦੀ ਲੋੜ ਹੈ, ਉਥੇ ਅਥਾਹ ਨਾਮ-ਅਭਿਆਸ ਕਮਾਈ ਦੀ ਭੀ ਜ਼ਰੂਰਤ ਹੈ।

ਦਰ-ਅਸਲ ਹਕੀਕਤ ਇਹ ਹੈ ਕਿ ਅੰਮ੍ਰਿਤ ਦੀ ਦਾਤਿ ਸਤਿਗੁਰੂ, ਗੁਰੂ ਗ੍ਰੰਥ ਸਾਹਿਬ ਤੋਂ 'ਪੰਜਾਂ' ਦੀ ਮਾਰਫ਼ਤ ਪ੍ਰਾਪਤ ਹੁੰਦੀ ਹੈ। ਸਤਿਗੁਰੂ ਸਾਡੇ ਅੰਦਰ ਗੁਪਤ ਨਾਮ ਨੂੰ ਪਰਗਟ ਕਰਿ, ਨਾਮ ਦੀ ਰੌਅ ਜਾਂ ਅੰਮ੍ਰਿਤ-ਕਲਾ ਚਾਲੂ ਕਰ ਦਿੰਦੇ ਹਨ, **ਇਸ ਅੰਮ੍ਰਿਤ-ਕਲਾ ਦੀ ਬਰਕਤ ਨਾਲ, ਨਾਮ ਅਭਿਆਸ ਕਮਾਈ ਦਵਾਰਾ ਹੀ ਦਸਮ-ਦੁਆਰ ਖੁਲ੍ਹਦਾ ਹੈ।** ਦਸਮ-ਦੁਆਰ ਖੁਲ੍ਹਣ ਤੇ ਹੀ ਅਕਾਲ ਪੁਰਖ ਦਾ ਮਿਲਾਪ ਹੁੰਦਾ ਹੈ। ਇਸ ਕਰਕੇ **ਅੰਮ੍ਰਿਤ ਤੋਂ ਬਗ਼ੈਰ** ਇਹ ਕਿਰਿਆ ਪੂਰੀ ਨਹੀਂ ਹੁੰਦੀ। ਇਸ ਲਈ ਸੱਚਖੰਡ ਵਾਸੀ ਹੋਣ ਲਈ **ਅੰਮ੍ਰਿਤ ਦੀ ਦਾਤਿ ਇਕ ਲਾਜ਼ਮੀ ਸ਼ਰਤ ਹੈ।**

---

# ਧਰਮ ਤੇ ਸਿਆਸਤ ਦਾ ਸੰਵਾਦ

[ਗਿਆਨੀ ਜੰਗ ਸਿੰਘ ਜੀ, ਅਮਰੀਕਾ]

ਸਿਆਸਤ ਕਹਿੰਦੀ ਧਰਮ ਨੂੰ, ਤੂੰ ਮੇਰਾ ਗੋਲਾ ॥ ਮੈਂ ਤੈਨੂੰ ਕਢਿਆ ਮੰਦਰੋਂ ਪਾ ਰੋਲ ਘਚੋਲਾ ॥
ਮੈਂ ਆਪਣਾ ਮਤਲਬ ਕਢਦੀ, ਲੈ ਤੇਰਾ ਓਹਲਾ ॥ ਮੈਂ ਬਾਹਰੋਂ ਧਰਮੀ ਦਿਸਦੀ, ਪਾ ਤੇਰਾ ਚੋਲਾ ॥
ਤੂੰ ਸੁਣੇਂ ਆਵਾਜ਼ ਨਾ ਅੰਦਰੋਂ, ਤੂੰ ਹੋਇਓਂ ਬੋਲਾ ॥ ਤੂੰ ਜੀਵ ਤੇ ਰੱਬ ਦੇ ਮੇਲ ਨੂੰ, ਨਾ ਬਣਿਆ ਵਿਚੋਲਾ ॥
ਤੂੰ ਮੈਨੂੰ ਸਮਝ ਨਾ ਸਕਿਆ, ਮੈਂ ਚਤੁਰ ਤੂੰ ਭੋਲਾ ॥ ਤੂੰ ਪੰਖ ਲਗਾ ਕੇ ਉਡਿਆ, ਮੈਂ ਪਾਇਆ ਰੌਲਾ ॥

**ਧਰਮ ਦਾ ਉਤਰ–**

ਧਰਮ ਨੇ ਕਿਹਾ, ਸਿਆਸਤੇ ! ਤੂੰ ਖਰੀ ਸਿਆਣੀ ॥ ਮੈਂ ਅੰਦਰੋਂ ਬਾਹਰੋਂ ਇਕ ਹਾਂ, ਤੂੰ ਅੰਦਰੋਂ ਕਾਣੀ ॥
ਤੇਰਾ ਮੇਰਾ ਮੇਲ ਨਹੀਂ, ਮੈਂ ਇਹ ਗੱਲ ਜਾਣੀ ॥ ਮੈਂ ਅੰਮ੍ਰਿਤ ਵਰਗਾ ਦੁੱਧ ਹਾਂ, ਤੂੰ ਕਾਂਜੀ ਜਾਣੀ ॥
ਤੇਰੇ ਵਲ ਛਲ ਵਿਰਲੇ ਜਾਣਦੇ, ਜੋ ਸੁਘੜ ਸੁਜਾਣੀ ॥ ਤੂੰ ਬੜੀ ਹੀ ਧੋਖੇਬਾਜ਼ ਹੈਂ, ਪਰ ਚਤੁਰ ਸਿਆਣੀ ॥
ਹੁਣ ਤੇਰਾ ਭੇਦ ਮੈਂ ਸਮਝਿਆ, ਤੂੰ ਨਕਟੀ ਰਾਣੀ ॥ ਮੈਂ ਜੀਵਨ ਦੇਵਾਂ ਸਭ ਨੂੰ, ਤੂੰ ਬੰਦੇ-ਖਾਣੀ ॥



www.AKJ.Org

ਖੁੱਲ੍ਹੀ ਚਿੱਠੀ

# ਰਾਗਮਾਲਾ ਬਾਰੇ ਵਿਵਾਦ ਦਾ ਸਹੀ ਹੱਲ

ਭਾਈ ਸਾਹਿਬ ਜਸਬੀਰ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹ ॥

ਮਿਤੀ ੨੩.੧੧.੯੦ ਦੀ 'ਅਜੀਤ' ਦੇ ਪੰਨਾ ੪ ਉੱਤੇ ਆਪ ਵਲੋਂ 'ਰਾਗਮਾਲਾ ਤੇ ਕਿੰਤੂ ਕਿਉਂ ?' ਸਿਰਲੇਖ ਹੇਠ ਲੇਖ ਛਪਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਸੰਬੰਧਤ ਕਿਸੇ ਵੀ ਵਿਸ਼ੇ ਤੇ ਚਰਚਾ ਅਖਬਾਰਾਂ ਵਿਚ ਹਰਗਿਜ਼ ਨਹੀਂ ਸੋਭਦੀ, ਇਸ ਲਈ ਸਤਿਗੁਰੂ ਦਾ ਦਰਬਾਰ, ਅਥਵਾ, ਸ੍ਰੀ ਅਕਾਲ ਤਖਤ ਸਾਹਿਬ ਹੀ ਸਹੀ ਅਸਥਾਨ ਹੈ। ਤੁਹਾਨੂੰ ਯਾਦ ਹੋਣਾ ਚਾਹੀਦਾ ਹੈ ਕਿ ਰਾਗਮਾਲਾ ਬਾਰੇ ਚਰਚਾ ਅਖ਼ਬਾਰਾਂ ਵਿਚ ੧੯੧੭ ਵਿਚ ਅਰੰਭ ਹੋਈ, ਜੋ ਸਾਲਾਂ ਬੱਧੀ ਚਲਦੀ ਰਹੀ। ਕੁੜੱਤਣ, ਫੁੱਟ ਅਤੇ ਪਰਸਪਰ ਘਿਰਣਾ ਤੋਂ ਸਿਵਾ ਕੌਮ ਦੇ ਪੱਲੇ ਕੁਝ ਵੀ ਨਾ ਪਿਆ, ਐਵੇਂ ਪਾਣੀ ਹੀ ਰਿੜਕੀਂਦਾ ਰਿਹਾ। ਅੰਤ ਨੂੰ ਪੰਥ ਦੇ ਸੂਝਵਾਨ ਸੱਜਣਾਂ ਨੇ ਇਕੱਠੇ ਬੈਠ ਕੇ ਇਸ ਵਿਸ਼ੇ ਤੇ ਪਰਸਪਰ ਡੂੰਘੀ ਵਿਚਾਰ-ਚਰਚਾ ਕੀਤੀ ਤੇ ਕੁਝ ਕੁ ਮਿਲਣੀਆਂ ਮਗਰੋਂ ਪੰਥਕ ਪੱਧਰ ਤੇ ਨਿਰਣਾ ਇਹ ਹੋਇਆ ਕਿ ਸਥਾਨਕ ਪ੍ਰਚੱਲਤ ਰੀਤੀ ਅਨੁਸਾਰ ਪਾਠਾਂ ਦੇ ਭੋਗ ਮੁੰਦਾਵਣੀ ਤੇ ਜਾਂ ਰਾਗਮਾਲਾ ਪੜ੍ਹ ਕੇ ਪਾਏ ਜਾਣ, ਕਿਸੇ ਵਲੋਂ ਇਸ ਸੰਬੰਧੀ ਵਾਦ-ਵਿਵਾਦ ਨਾ ਕੀਤਾ ਜਾਵੇ, ਪਰ ਰਾਗਮਾਲਾ ਤੋਂ ਬਗੈਰ ਕੋਈ ਬੀੜ ਨਾ ਛਾਪੇ ਨਾ ਲਿਖੇ।

ਉਪਰੋਕਤ ਵਰਣਿਤ ਪੰਥਕ ਫੈਸਲੇ ਦੀ ਉਲੰਘਣਾ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਤੇ ਰਾਗਮਾਲਾ ਪੜ੍ਹਨੀ ਅਰੰਭ ਕਰ ਕੇ ਕੀਤੀ ਗਈ। ਇਸ ਉਲੰਘਣਾ ਦੇ ਸਿਲਸਿਲੇ ਵਿਚ ਹੀ ਭਾਈ ਸਾਹਿਬ ਰਾਮ ਸਿੰਘ ਜੀ ਨੇ ਆਪਣੇ ਵਲੋਂ ਲਿਖੀ ਬੀੜ ਵਿਚ ਰਾਗਮਾਲਾ ਦਰਜ ਨਾ ਕੀਤੀ। ਇਹ ਉਲੰਘਣਾ ਦੋਹਾਂ ਪਾਸਿਆਂ ਤੋਂ ਹੋਈ, ਜੋ ਠੀਕ ਨਹੀਂ ਸੀ। ਭਾਈ ਸਾਹਿਬ ਰਾਮ ਸਿੰਘ ਜੀ ਨੇ ਪੰਥਕ ਏਕਤਾ ਦੇ ਵਡੇਰੇ ਹਿਤਾਂ ਨੂੰ ਮੁਖ ਰਖਦਿਆਂ ਰਾਗਮਾਲਾ ਲਿਖਤੀ ਬੀੜ ਵਿਚ ਦਰਜ ਕਰ ਦਿਤੀ ਹੋਈ ਹੈ, ਪਰ ਦੂਜੇ ਪਾਸੇ ਦੀ ਉਲੰਘਣਾ ਅਜੇ ਜਾਰੀ ਹੈ। ਪੰਥਕ ਮਾਣ-ਮਰਯਾਦਾ ਦਾ ਸਤਿਕਾਰ ਹਰ ਕਿਸੇ ਨੂੰ ਇਕੋ ਜਿਹਾ ਕਰਨਾ ਬਣਦਾ ਹੈ; ਕਿਸੇ ਨੂੰ ਵੀ ਇਸ ਤੋਂ ਛੋਟ ਨਹੀਂ। ਸੋ ਇਸ ਉਲੰਘਣਾ ਨੂੰ ਤੁਰਤ ਦਰੁਸਤ ਕਰਨਾ ਜ਼ਰੂਰੀ ਹੈ, ਤਾ ਜੁ ਪੰਥ ਨੂੰ ਆਪੋਧਾਪੀ ਤੋਂ ਬਚਾਇਆ ਜਾ ਸਕੇ।

ਰਾਗਮਾਲਾ ਦਾ ਮਸਲਾ ਅਖਬਾਰਾਂ ਵਿਚ ਚਰਚਾ ਛੇੜਿਆਂ, ਧਮਕੀਆਂ ਦਿਤਿਆਂ ਜਾਂ ਇਸ ਨੂੰ ਨਾ ਪੜ੍ਹਨ ਵਾਲਿਆਂ ਦੀ ਜ਼ਬਾਨ ਵਿਚ ਕੀੜੇ ਪਾਇਆਂ ਹਰਗਿਜ਼ ਹੱਲ ਨਹੀਂ ਹੋਣਾ। ਇਸ ਨਾਲ ਇਸ ਨਾਜ਼ਕ ਸਮੇਂ ਪੰਥ ਵਿਚ ਫੁੱਟ ਪੈ ਕੇ ਨੁਕਸਾਨ ਵਧੇਰੇ ਹੋਵੇਗਾ, ਪਰ ਇਹ ਰਾਹ ਕਿਸੇ ਮੰਜ਼ਲ ਤੇ ਪਹੁੰਚਣ ਵਾਲਾ ਨਹੀਂ। ਵਡੇਰੇ ਪੰਥਕ ਹਿਤਾਂ ਨੂੰ ਮੁੱਖ ਰੱਖਦਿਆਂ ਤੁਹਾਨੂੰ ਆਪਣੇ ਅਖਬਾਰ 'ਅੱਜ ਦੀ ਆਵਾਜ਼' ਵਿਚ ਫੁੱਟ-ਪਾਊ ਲੇਖ ਲਿਖਣ ਵਾਲੇ ਹੋਰ ਵਿਅਕਤੀਆਂ ਨੂੰ ਵਰਜਣਾ ਚਾਹੀਦਾ ਹੈ। ਪੰਥਕ ਮਰਯਾਦਾ ਦਾ ਕੋਈ ਇਕ ਵਿਅਕਤੀ ਜਾਂ ਇਕੱਲੀ ਕੋਈ ਸੰਸਥਾ ਠੇਕੇਦਾਰ ਨਹੀਂ; ਤਾਂ ਤੇ ਜੋ ਕੋਈ ਅਜਿਹਾ ਸਮਝਦਾ ਹੈ, ਇਹ ਉਸ ਦੀ ਖ਼ਾਮ-ਖ਼ਿਆਲੀ ਹੈ।

ਹਾਂ, ਜੇ ਕੋਈ ਰਾਗਮਾਲਾ ਬਾਰੇ ਚਰਚਾ ਕਰਨ ਦਾ ਚਾਹਵਾਨ ਹੈ ਤਾਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਬੇਨਤੀ ਕਰੇ ਅਤੇ ਆਪਣਾ ਪੱਖ ਪੰਥਕ ਵਿਧੀ ਵਿਧਾਨ ਅਨੁਸਾਰ ਪੇਸ਼ ਕਰੇ, ਅਸੀਂ ਭੀ ਗੁਰੂ ਕਿਰਪਾ ਨਾਲ ਆਪਣਾ ਪੱਖ ਪੇਸ਼ ਕਰਾਂਗੇ। ਅੰਤ ਵਿਚ ਅਸੀਂ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਨਸਦਿਆਂ ਨੂੰ ਵਾਹਣ ਇਕੋ ਜਿਹੇ ਹੁੰਦੇ ਹਨ, ਅਸੀਂ ਨਾ ਤਾਂ ਚਰਚਾ ਤੋਂ ਸੁੰਗੜਦੇ ਹਾਂ ਤੇ ਨਾ ਹੀ ਭਬਕੀਆਂ ਤੋਂ ਭੈ ਖਾਂਦੇ ਹਾਂ, ਪਰ ਇਹ ਸਾਡਾ ਨਿਸਚਾ ਹੈ ਕਿ ਵਰਤਮਾਨ ਸੰਘਰਸ਼ ਦਾ ਮੂੰਹ ਬਾਹਰੋਂ ਮੋੜ ਕੇ ਘਰ ਵਲ ਕਰਨ ਵਿਚ ਕੋਈ ਸਿਆਣਪ ਨਹੀਂ, ਕਿਉਂਜੁ ਇਹ ਸਭਨਾਂ ਲਈ ਹਾਨੀਕਾਰਕ ਹੈ।

ਸਤਿਗੁਰੂ ਜੀ ਆਪਣੇ ਪੰਥ ਨੂੰ ਚੜ੍ਹਦੀ ਕਲਾ ਬਖਸ਼ਣ ! ਇਹੀ ਅਰਦਾਸ ਹੈ।

ਸੂਰਾ ਪਰਵਾਰ,
ਅਖੰਡ ਕੀਰਤਨੀ ਜੱਥਾ।



www.AKJ.Org

# ਅਲੌਕਿਕ ਅਨੰਦ ਕਾਰਜ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਸਿਰੀ ਭਾਈ ਜੋਗਿੰਦਰ ਸਿੰਘ ਦੀ ਸਭ ਤੋਂ ਵੱਡੀ ਬੀਬੀ ਸ਼ਰਨ ਕੌਰ ਦਾ ਗੁਰਮਤਿ-ਅਨੰਦ-ਕਾਰਜ-ਕ੍ਰਿਸ਼ਮਾ ਵਰਨਣ ਕੀਤਾ ਜਾਣਾ ਇਸ ਮੌਕੇ ਤੇ ਪੂਰਾ ਢੁਕਦਾ ਹੈ। ਇਸ ਗੁਰਮਤਿ ਕਾਰਜ ਸੰਬੰਧੀ ਸਿਰੀ ਭਾਈ ਜੋਗਿੰਦਰ ਸਿੰਘ ਜੀ ਦੀ ਸਿਦਕ-ਪੁੰਜ-ਗੁਰਮਤਿ-ਰਹਿਤ-ਰਹਿਣੀ ਵਾਲਾ ਅਤਿ ਉੱਚਾ ਭਰੋਸਾ ਭੀ ਖ਼ੂਬ ਪਰਗਟ ਹੋਵੇਗਾ ਅਤੇ ਰਹਿੰਦੀ ਦੁਨੀਆ ਤਾਈਂ ਕਾਇਮ ਰਹੇਗਾ।

ਮੇਰੀ ਆਪਣੀ ਬੱਚੀ ਬੀਬੀ ਦਲੇਰ ਕੌਰ ਦਾ ਅਨੰਦ ਕਾਰਜ ਨਾਰੰਗਵਾਲ ਸਾਡੇ ਗ੍ਰਿਹ ਵਿਖੇ ਰਚਿਆ ਗਿਆ। ਹੋਰ ਗੁਰਮੁਖ ਸੱਜਣਾਂ ਦੀ ਸ਼੍ਰੇਣੀ ਵਿਚ ਇਸ ਅਨੰਦ ਕਾਰਜ ਉਤੇ ਸਿਰੀ ਭਾਈ ਜੋਗਿੰਦਰ ਸਿੰਘ ਜੀ ਵੀ ਨਾਰੰਗਵਾਲ ਆਏ ਹੋਏ ਹਨ ਅਤੇ ਉਹਨਾਂ ਦੀ ਸਭ ਤੋਂ ਵੱਡੀ ਬਦੀ ਬੀਬੀ ਸ਼ਰਨ ਕੌਰ ਵੀ ਉਨ੍ਹਾ ਦੇ ਨਾਲ ਆਈ ਹੈ। ਬੀਬੀ ਦਲੇਰ ਕੌਰ ਦੇ ਕਾਰਜ ਨਮਿਤ ਅਖੰਡ ਪਾਠ ਹੋ ਰਿਹਾ ਹੈ, ਸਰੋਤੇ ਜਨ ਅਖੰਡ ਪਾਠ ਸੁਣ ਰਹੇ ਹਨ। ਸਿਰੀ ਭਾਈ ਜੋਗਿੰਦਰ ਸਿੰਘ ਜੀ ਮੇਰੇ ਪਾਸ ਬੈਠੇ ਅਖੰਡ ਪਾਠ ਸੁਣਨ ਦਾ ਅਨੰਦ ਲੈ ਰਹੇ ਹਨ। ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ ਵਾਲੇ ਅਖੰਡ ਪਾਠ ਕਰ ਰਹੇ ਸਨ। ਉਹਨਾਂ ਦਾ ਅਖੰਡ ਪਾਠ ਕੀ, ਅਰਸ਼ੋਂ ਕੁਰਸੋਂ ਫੁੱਲਾਂ ਦੀ ਵਰਖਾ ਹੋ ਰਹੀ ਹੈ। ਅਤੀ ਅਦਭੁਤ ਅਖੰਡ ਪਾਠ ਬੜੇ ਹੀ ਆਤਮ-ਤਰੰਗਾਂ ਵਿਚ ਮਾਸਟਰ ਜੋਗਿੰਦਰ ਸਿੰਘ ਜੀ ਕਰ ਰਹੇ ਹਨ। ਚਿਹਰੇ ਤੇ ਰੰਗ ਦਲੂਲੇ ਦੜ੍ਹੇ ਹੋਏ ਹਨ, ਥੋੜਾ ਥੋੜਾ ਦਾੜ੍ਹਾ ਚਾਰ ਚੁਫੇਰੇ ਮੁਖਾਰਬਿੰਦ ਤੇ ਆਇਆ ਹੋਇਆ ਹੈ। ਸਿਰੀ ਭਾਈ ਜੋਗਿੰਦਰ ਸਿੰਘ ਜੀ ਦੀ ਆਤਮ-ਬਿਰਤੀ ਉਤੇ ਇਸ ਅਖੰਡ ਪਾਠ ਕਰ ਰਹੇ ਪਾਠੀ ਮਾਸਟਰ ਜੋਗਿੰਦਰ ਸਿੰਘ ਜੀ ਦਾ ਬੜਾ ਹੀ ਸੁੰਦਰ ਤੇ ਡੂੰਘਾ ਅਸਰ ਪਿਆ। ਪਾਠ ਸੁਣਦੇ ਸੁਣਦੇ ਮੈਨੂੰ ਟੁੰਬ ਕੇ, ਪਰ ਧੀਰੇ ਧੀਰੇ ਉਹਨਾਂ ਨੇ ਇਹ ਕਹਿਣਾ ਅਰੰਭ ਕੀਤਾ, "ਅਸਾਡੀ ਬੱਚੀ ਸ਼ਰਨ ਕੌਰ ਵਾਸਤੇ ਇਹੋ ਜਿਹਾ ਹੀ ਵਰ ਚਾਹੀਦਾ ਹੈ।" ਮੇਰੇ ਮੂੰਹੋਂ ਨਿਕਲਿਆ ਕਿ ਇਹੋ ਜਿਹਾ ਇਹੋ ਹੀ ਹੈ। ਮੈਥੋਂ ਇਹ ਗੱਲ ਸੁਣਨ ਸਾਰ ਹੀ ਸਿਰੀ ਭਾਈ ਜੋਗਿੰਦਰ ਸਿੰਘ ਜੀ ਨੇ ਪੂਰਨ ਦ੍ਰਿੜ੍ਹਤਾ ਸਹਿਤ ਇਹ ਗੱਲ ਕਹਿ ਦਿਤੀ ਕਿ ਬਸ ਏਸੇ ਭੁਝੰਗੀ ਨਾਲ ਹੀ ਬੀਬੀ ਸ਼ਰਨ ਕੌਰ ਦਾ ਅਨੰਦ ਕਾਰਜ ਕਰ ਦਿਓ ਅਤੇ ਇਥੇ ਹੀ ਕਰ ਦਿਓ। ਬੀਬੀ ਦਲੇਰ ਕੌਰ ਦੇ ਅਨੰਦ ਦੇ ਪਿਛੋਂ ਹੀ ਨਾਲ ਦੇ ਨਾਲ ਕਰ ਦਿਓ। ਵਰ ਦਾ ਘਰ ਘਾਮ ਨਹੀਂ ਦੇਖਿਆ, ਧਨ ਧਾਮ ਨਹੀਂ ਪੁਛਿਆ, ਜਾਤ ਗੋਤ ਤਾਂ ਕੀ ਪੁਛਣੀ ਸੀ, ਬਸ ਅਨੰਦ ਕਾਰਜ ਕਰਨ ਲਈ ਤਤਪਰ ਹੋ ਗਏ। ਮੇਰੇ ਮੂੰਹੋਂ ਇਹ ਗੱਲ ਨਿਕਲੀ ਕਿ ਠੀਕ ਹੈ ਐਸਾ ਹੀ ਹੋਵੇਗਾ ਜੈਸਾ ਆਪ ਨੇ ਚਿਤਵਿਆ ਹੈ, ਪਰੰਤੂ ਇਕ ਗੱਲ ਮੈਂ ਅਰਜ਼ ਕਰਦਾ ਹਾਂ, ਇਸ ਦਾ ਸਵੀਕਾਰ ਕਰਨਾ ਪਰਮ ਜ਼ਰੂਰੀ ਹੈ। ਉਹ ਇਹ ਹੈ ਕਿ ਬੱਚੀ ਸ਼ਰਨ ਕੌਰ ਨੂੰ ਇਹ ਵਰ ਭੁਝੰਗੀ ਅੱਖੀਂ ਵਿਖਾਇਆ ਜਾਵੇ। ਸਿਰੀ ਭਾਈ ਜੋਗਿੰਦਰ ਸਿੰਘ ਨੇ ਸਿਰ ਮੱਥੇ ਤੇ ਇਹ ਗੱਲ ਸਵੀਕਾਰ ਕੀਤੀ, ਮੈਨੂੰ ਆਖਿਆ: "ਹੁਣੇ ਹੀ ਬੰਬੇ ਕਰਤਾਰ ਕੌਰ ਜੀ (ਬੀਬੀ ਦਲੇਰ ਕੌਰ ਦੀ ਮਾਤਾ) ਨੂੰ ਸੱਦ ਕੇ ਕਹਿ ਦੇਵੋ ਕਿ ਬੀਬੀ ਸ਼ਰਨ ਕੌਰ ਨੂੰ ਹੇਠਾਂ ਜਾ ਕੇ ਇਹ ਸਾਰੀ ਹੀ ਵਾਰਤਾ ਸਮਝਾ ਦੇਵੇ।"

ਚੁਨਾਂਚਿ ਬੀਬੀ ਦਲੇਰ ਕੌਰ ਦੀ ਮਾਤਾ ਕਰਤਾਰ ਕੌਰ ਜੀ (ਸਾਡੀ ਸੁਪਤਨੀ) ਨੇ ਹੇਠਾਂ ਜਾ ਕੇ ਬੀਬੀ ਸ਼ਰਨ ਕੌਰ ਪਾਸ ਜਾ ਕੇ ਇਹ ਜ਼ਿਕਰ ਕੀਤਾ, "ਮਕਾਨ ਦੀ ਉਪਰਲੀ ਮੰਜ਼ਲ ਤੇ ਅਖੰਡ ਪਾਠ ਹੋ ਰਿਹਾ ਸੀ ਕਿ ਬੀਬੀ ਸ਼ਰਨ ਕੌਰ ਜੀ, ਤੇਰੇ ਪਿਤਾ ਭਾਈ ਜੋਗਿੰਦਰ ਸਿੰਘ ਜੀ ਤੇ ਤੇਰੇ ਤਾਇਆ ਜੀ (ਦਾਸ ਵਲ ਇਸ਼ਾਰਾ ਕਰ ਕੇ) ਨੇ ਤੇਰੇ ਅਨੰਦ ਕਾਰਜ ਦੇ ਸੰਬੰਧ ਲਈ ਇਕ ਵਰ ਟੋਲਿਆ ਹੈ, ਜਿਸ ਬਾਰੇ ਉਹਨਾਂ ਤੇਰੀ ਸੰਮਤੀ ਲੈਣ ਲਈ ਮੈਨੂੰ ਪ੍ਰੇਰਿਆ ਹੈ।"

ਇਸ ਦੇ ਉੱਤਰ ਵਿਚ ਅਸਾਡੀ ਹੰਸਲੀ ਭੈਣ ਬੀਬੀ ਹਰਬੰਸ ਕੌਰ ਦੇ ਕੁਖੋਂ ਜਾਈ ਅਤੇ ਸਿਰੀ ਭਾਈ ਜੋਗਿੰਦਰ ਸਿੰਘ ਜੀ ਦੀ ਅੰਸ ਤੋਂ ਉਤਪੰਨ ਹੋਈ ਬੱਚੀ, ਬੀਬੀ ਸ਼ਰਨ ਕੌਰ ਨੇ ਕਿਹਾ ਸੋਹਣਾ ਉੱਤਰ ਦਿੱਤਾ, ਕਰਤਾਰ ਕੌਰ ਨੂੰ ਕਹਿਣ ਲਗੀ: "ਤਾਈ ਜੀ, ਮੇਰੇ ਪੁਛਣ ਦੀ ਕੀ ਲੋੜ ਹੈ? ਜਿਥੇ ਸਿਰੀ ਭਾਈ ਸਾਹਿਬ ਤਾਇਆ ਜੀ ਅਤੇ ਮੇਰੇ ਪਿਤਾ ਜੀ ਮੇਰਾ ਸਾਕ ਕਰਦੇ ਹਨ, ਉਨ੍ਹਾਂ ਤੋਂ ਸਰੇਸ਼ਟ ਤੇ ਉਤਮ ਚਿਤਵਨੀ ਕੌਣ

www.AKJ.Org

ਚਿਤਵ ਸਕਦਾ ਹੈ । ਜੋ ਕੁਛ ਉਹ ਕਰ ਰਹੇ ਹਨ, ਮੇਰੇ ਭਲੇ ਲਈ ਕਰ ਰਹੇ ਹਨ, ਮੈਨੂੰ ਹਰਗਿਜ਼ ਕੋਈ ਇਤਰਾਜ਼ ਨਹੀਂ ।" ਇਤਨੇ ਨੂੰ ਐਨ ਏਸੇ ਸਮੇਂ ਹੀ ਗੁਰੂ ਨੇਤ ਅਨੁਸਾਰ ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ ਵਾਲੇ ਉਪਰੋਂ ਅਖੰਡ ਪਾਠ ਕਰਦੇ ਕਰਦੇ ਹੇਠਾਂ ਪੌੜੀਆਂ ਥਾਣੀ ਉਤਰ ਆਏ, ਕਿਉਂਕਿ ਪਾਠੀ ਦੀ ਬਦਲੀ ਹੋ ਚੁਕੀ ਸੀ । ਮਾਸ਼ਟਰ ਜੋਗਿੰਦਰ ਸਿੰਘ ਜੀ ਦੇ ਦੋਨੋਂ ਪੈਰ ਜਮਾਂਦਰੂ ਹੀ ਵਿੰਗ-ਤੜਿੰਗੇ ਅਤੇ ਲੂੰਜੇ ਮੁੰਜੇ ਜਿਹੇ ਸਨ । ਜਦੋਂ ਉਪਰੋਂ ਆਉਂਦੇ ਮਾਸਟਰ ਜੋਗਿੰਦਰ ਸਿੰਘ ਜੀ ਦੋਹਾਂ ਮਾਵਾਂ ਧੀਆਂ ਗੱਲਾਂ ਕਰਦੀਆਂ ਦੇ ਪਾਸ ਦੀ ਲੰਘੇ ਤਾਂ ਕਰਤਾਰ ਕੌਰ ਨੇ ਬੀਬੀ ਸ਼ਰਨ ਕੌਰ ਜੀ ਨੂੰ ਇਸ਼ਾਰਾ ਕਰ ਕੇ ਕਿਹਾ : "ਇਹ ਭੁਝੰਗੀ ਹੈ, ਜਿਸ ਦਾ ਰਿਸ਼ਤਾ ਤੇਰੇ ਨਾਲ ਕਰਨਾ ਚਾਹੁੰਦੇ ਹਾਂ, ਤੂੰ ਸਿਆਣੀ ਬੀਬੀ ਹੈਂ, ਦੇਖ ਲੈ ! ਇਸ ਭੁਝੰਗੀ ਦੇ ਪੈਰ ਇਹੋ ਜਿਹੇ ਹੀ ਜਮਾਂਦਰੂ ਹਨ, ਤੇਰੇ ਤਾਇਆ ਜੀ ਨੇ ਤੇ ਤੇਰੇ ਪਿਤਾ ਜੀ ਨੇ ਇਸੇ ਕਰਕੇ ਇਹ ਭੁਝੰਗੀ ਦਿਖਾਣ ਲਈ ਮੈਨੂੰ ਪ੍ਰੇਰਿਆ ਹੈ ਕਿ ਮਤੇ ਬੀਬੀ ਦਾ ਕੋਈ ਪਿਛੋਂ ਇਤਰਾਜ਼ ਹੋਵੇ ।" ਇਹ ਗੱਲ ਸੁਣ ਕੇ ਬੀਬੀ ਸ਼ਰਨ ਕੌਰ ਜੀ ਨੇ ਜੋ ਉਤਰ ਆਪਣੀ ਤਾਈ ਜੀ ਨੂੰ ਦਿਤਾ, ਉਹ ਬੜਾ ਹੀ ਦੰਗ ਕਰਨ ਵਾਲਾ ਹੈ । ਇਸ ਕਲਜੁਗ ਦੇ ਸਮੇਂ ਵਿਚ ਇਹੋ ਜਿਹੀਆਂ ਸਤੋਗੁਣੀ ਬੀਬੀਆਂ ਬਹੁਤ ਹੀ ਵਿਰਲੀਆਂ ਹਨ, ਜੋ ਇਸ ਪ੍ਰਕਾਰ ਦਾ ਉਤਰ ਦੇਣ । ਬੜੀ ਸ਼ਰਧਾ ਦੇ ਰੰਗ ਵਿਚ ਰੰਗੀਜ ਕੇ ਬੀਬੀ ਬੋਲੀ : "ਤਾਈ ਜੀ ! ਉਸ ਬੀਬੀ ਦੁਖਭੰਜਨੀ ਵਾਲੀ ਦੇ ਵਰ ਨਾਲੋਂ ਭੀ ਇਹ ਵਰ ਅਧਿਕ ਅਣ-ਉਕਤ ਹੈ, ਜਿਸ ਨੂੰ ਉਸ ਦੇ ਪਿਤਾ ਨੇ ਇਕ ਪਿੰਗਲੇ ਨਾਲ ਹੀ ਵਿਆਹਤ ਕਰ ਦਿਤਾ ਸੀ ? ਅਤੇ ਇਹ ਆਪ ਨੂੰ ਪਤਾ ਹੀ ਹੈ ਕਿ ਉਸ ਪਿੰਗਲੇ ਨਾਲ ਵਿਆਹਤ ਬੀਬੀ ਦੀ ਸ਼ਰਧਾ ਨੂੰ ਕੀ ਫਲ ਲਗੇ, ਇਹ ਪ੍ਰਸੰਗ ਪ੍ਰਸਿਧ ਹੈ, ਏਥੇ ਦਸਣ ਦੀ ਲੋੜ ਨਹੀਂ । ਮੈਨੂੰ ਹਰ ਹਾਲਤ ਵਿਚ ਇਹ ਵਰ, ਸਿਰ ਮਥੇ ਤੇ ਪਰਵਾਨ ਹੈ ।" ਇਹ ਉਤਰ ਸੁਣ ਕੇ ਕਰਤਾਰ ਕੌਰ ਜੀ ਦੰਗ ਰਹਿ ਗਏ, ਅਤੇ ਉਸ ਦੇ ਰਾਹੀਂ ਅਸੀਂ ਸੁਣ ਕੇ ਵੀ ਅਤਿਅੰਤ ਪ੍ਰਸੰਨ ਹੋਏ । ਸਾਡਾ ਦੋਹਾਂ ਦਾ ਜੀਅ ਕਰੇ ਕਿ ਬੱਚੀ ਬੀਬੀ ਦੇ ਚਰਨਾਂ ਨੂੰ ਪੂਜੀਏ । ਜਿਸ ਕਿਸੇ ਨੇ ਵੀ ਇਹ ਗੱਲ ਸੁਣੀ, ਸਭ ਦੰਗ ਰਹਿ ਗਏ ਅਤੇ ਬੜੇ ਪ੍ਰਸੰਨ-ਚਿਤ ਹੋਏ ।

ਗੱਲ ਕੀ, ਬੀਬੀ ਦਲੇਰ ਕੌਰ ਦੇ ਅਨੰਦ ਦੇ ਪਿਛੋਂ ਹੀ ਨਾਲ ਲਗਦਾ ਹੀ ਇਸ ਜੋੜੀ ਦਾ ਅਨੰਦ ਕੀਤਾ ਗਿਆ, ਅਰਥਾਤ, ਸ੍ਰੀ ਮਾਸਟਰ ਜੋਗਿੰਦਰ ਸਿੰਘ ਜੀ ਦਾ ਅਨੰਦ ਸ੍ਰੀ ਭਾਈ ਜੋਗਿੰਦਰ ਸਿੰਘ ਦੀ ਸਪੁੱਤਰੀ ਬੀਬੀ ਸ਼ਰਨ ਕੌਰ ਦੇ ਨਾਲ ਉਥੇ ਹੀ ਹੋ ਗਿਆ, ਨਾ ਕੋਈ ਜੰਞ ਆਈ, ਨਾ ਕੋਈ ਦਾਜ ਦਹੇਜ ਦਿਤਾ ਗਿਆ, ਨਾ ਕੋਈ ਸਾਕ ਅੰਗ ਕਬੀਲਾ ਸਦਿਆ ਗਿਆ । ਅਨੰਦ ਕਾਰਜ ਦੀ ਤਿਆਰੀ ਕਰ ਕੇ ਤਾਂ ਭਾਈ ਜੋਗਿੰਦਰ ਸਿੰਘ ਜੀ ਵੀ ਨਹੀਂ ਆਏ ਸਨ । ਉਹ ਤਾਂ ਬੀਬੀ ਦਲੇਰ ਕੌਰ ਜੀ ਦੇ ਅਨੰਦ ਕਾਰਜ ਦੇਖਣ ਲਈ ਆਪਣੀ ਸਪੁੱਤਰੀ ਸਮੇਤ ਸਾਡੇ ਸੱਦੇ ਹੋਏ ਮੇਲੀ ਬਣ ਕੇ ਆਏ ਸਨ । ਸ੍ਰੀ ਭਾਈ ਜੋਗਿੰਦਰ ਸਿੰਘ ਜੀ ਦੀ ਸਪੁੱਤਰੀ ਸ੍ਰੀ ਬੀਬੀ ਸ਼ਰਨ ਕੌਰ ਦੇ ਸਿਦਕ-ਭਰੋਸੇ ਦੀ ਅਨਿੰਨਤਾ ਵਾਲੀ ਨਜ਼ੀਰ, ਜੋ ਸਦਾ ਕਾਇਮ ਦਾਇਮ ਰਹੇਗੀ, ਆਪ ਦੇਖ ਹੀ ਚੁਕੇ ਹੋ । ਏਧਰ ਜੋ ਸ੍ਰੀ ਭਾਈ ਜੋਗਿੰਦਰ ਸਿੰਘ ਜੀ ਨੇ ਆਪਣੀ ਸਪੁੱਤਰੀ ਦੇ ਪੂਰਨ ਗੁਰਮਤਿ ਅਨੁਸਾਰ ਅਨੰਦ ਕਰਨ ਦੇ ਪੂਰਨੇ ਪਾਏ, ਉਹ ਵੀ ਅੱਜ ਤਕ ਨਾ ਕਿਸੇ ਨੇ ਪਾਏ ਹਨ, ਨਾ ਕਿਸੇ ਨੇ ਸੌਖੇ ਹੀ ਪਾਵਣੇ ਹਨ । ਆਨਨ ਫ਼ਾਨਨ ਅਨੰਦ ਕਾਰਜ ਹੋ ਗਿਆ । ਉਦੋਂ ਹੀ ਪਤਾ ਲਗਾ ਜਦੋਂ ਪਰਕਰਮਾ ਲਈਆਂ ਗਈਆਂ । ਸਾਰਾ ਪਿੰਡ ਨਾਰੰਗਵਾਲ ਦਾ ਢਕੋ ਢਕੀ ਇਹ ਅਦੁੱਤੀ ਅਨੰਦ ਕਾਰਜ ਦੇਖ ਰਿਹਾ ਹੈ, ਸਾਰੇ ਪਿੰਡ ਨਿਵਾਸੀ ਨਾਰੰਗਵਾਲ ਵਾਲਿਆਂ ਨੂੰ ਇਹ ਵੀ ਪਤਾ ਹੈ ਕਿ ਸ੍ਰੀ ਭਾਈ ਜੋਗਿੰਦਰ ਸਿੰਘ ਜੀ ਰਾਇਪੁਰ ਦੇ ਹੀ ਰਹਿਣ ਵਾਲੇ ਹਨ । ਇਨ੍ਹਾਂ ਚਹੁੰਆਂ ਪੰਜਾਂ ਸਾਊ ਅਖਵਾਉਣ ਵਾਲਿਆਂ ਪਿੰਡਾਂ ਦੇ ਲੋਕਾਂ ਨੂੰ ਸਾਊ ਹੋਣ ਦਾ ਬੜਾ ਹੀ ਗ਼ਰੂਰ ਗਰਬ ਗੁਮਾਨ ਹੈ। ਗੁਰਮਤਿ ਤੋਂ ਵਾਂਜੇ ਹੋਏ ਇਨ੍ਹਾਂ ਪਿੰਡਾਂ ਦੇ ਸਾਰੇ ਅਨਮਤੀ ਲੋਕ ਇਸ ਗੱਲ ਦਾ ਬੜਾ ਹੀ ਗਰਬ ਗੁਮਾਨ ਰਖਦੇ ਹਨ । ਗਰੇਵਾਲ ਗੋਤ ਨੂੰ ਇਹ ਬੜੀ ਉਚ ਕੁਲਤਾ ਵਾਲੀ ਪਦਵੀ ਦਿੰਦੇ ਹਨ । ਇਨ੍ਹਾਂ ਪਿੰਡਾਂ ਦੀਆਂ ਲੜਕੀਆਂ ਬੜੂੰਦੀ ਆਦਿਕ ਪਿੰਡਾਂ ਵਿਚ ਕਦੇ ਨਹੀਂ ਵਿਆਹੀਆਂ ਵਰੀਆਂ ਗਈਆਂ, ਬਲਕਿ ਬੜੂੰਦੀ ਸਾਰਖੇ ਪਿੰਡਾਂ ਦੀਆਂ ਅਣ-ਗਿਣਤ ਲੜਕੀਆਂ ਨਾਰੰਗਵਾਲ ਆਦਿਕ ਗਰੇਵਾਲ ਪਿੰਡਾਂ ਵਿਚ ਵਿਆਹੀਆਂ ਵਰੀਆਂ ਜਾਂਦੀਆਂ ਰਹੀਆਂ ਹਨ । ਸ੍ਰੀ ਭਾਈ ਜੋਗਿੰਦਰ ਸਿੰਘ ਜੀ ਨੇ ਇਸ ਕਾਣ-ਕਨੌੜ ਨੂੰ ਭੀ ਪੈਰਾਂ ਤਲੇ ਮਸਲ ਦਿਤਾ, ਕੋਈ ਪਰਵਾਹ ਨਹੀਂ ਕੀਤੀ, ਕੇਵਲ ਗੁਰਮਤਿ ਦੀ ਹੀ ਪਰਵਾਹ ਰਖੀ । [ਰੰਗਲੇ ਸੱਜਣ ਪੁਸਤਕ ਵਿਚੋਂ

www.AKJ.Org

# ਗੁਰਪੁਰ ਵਾਸੀ ਡਾਕਟਰ ਕੌਰ ਸਿੰਘ ਜੀ

ਡਾਕਟਰ ਕੌਰ ਸਿੰਘ ਜੀ ਪੂਰਨ ਗੁਰਸਿਖਾਂ ਵਾਲਾ ਜੀਵਨ ਬਿਤਾ ਕੇ ਸੰਸਾਰ-ਯਾਤਰਾ ਪੂਰੀ ਕਰ ਕੇ, ਗੁਰ-ਧਾਮ ਨੂੰ ਪਿਆਨੇ ਕਰ ਗਏ। ਆਪ ਦਾ ਜੀਵਨ ਉਚੇ ਸੁਚੇ ਜੀਵਨ ਦਾ ਉੱਤਮ ਨਮੂਨਾ ਸੀ। ਆਪ ਜੀ ਨਾਮ ਜਪਣ, ਬਾਣੀ ਪੜ੍ਹਨ ਅਤੇ ਕੀਰਤਨ ਸ੍ਰਵਣ ਕਰਨ ਦੇ ਆਸ਼ਕ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸਹਿਜ ਪਾਠ ਹਰ ਵਕਤ ਹੀ ਚਾਲੂ ਰਖਦੇ ਸਨ ਅਤੇ ਭੋਗ ਪਾ ਕੇ ਉਸੇ ਵੇਲੇ ਹੋਰ ਪਾਠ ਅਰੰਭ ਕਰ ਦਿੰਦੇ ਸਨ।

ਆਪ ਇਕ ਜਨਵਰੀ ੧੯੦੦ ਵਿਚ ਸੰਸਾਰ ਵਿਚ ਆਏ ਅਤੇ ੧੧ ਨਵੰਬਰ ੧੯੯੦ ਨੂੰ ਉਸ ਮਨਜ਼ਲ ਵਲ ਕੂਚ ਕਰ ਗਏ, ਜਿਥੋਂ ਕਦੇ ਕੋਈ ਮੁੜ ਕੇ ਨਹੀਂ ਆਇਆ। ੨੩ ਸਾਲ ਦੀ ਆਯੂ ਵਿਚ ਆਪ ਪਟਿਆਲੇ ਰਿਆਸਤ ਵਿਚ ਮੈਡੀਕਲ ਅਫ਼ਸਰ ਲਗੇ। ਪਹਿਲੀ ਤਨਖਾਹ ਤੋਂ ਹੀ ਆਪ ਨੇ ਦਸਵੰਧ ਕਢਣਾ ਸ਼ੁਰੂ ਕਰ ਦਿਤਾ ਅਤੇ ਇਸ ਨੇਮ ਨੂੰ ਆਪਣੇ ਜੀਵਨ ਪ੍ਰਯੰਤ ਤੋੜ ਨਿਭਾਇਆ। ਇਕ ਵਾਰ ਜਦੋਂ ਮਹਾਰਾਜਾ ਪਟਿਆਲਾ ਨੇ ਆਪ ਦੀ ਜਾਇਦਾਦ ਜ਼ਬਤ ਕਰ ਲਈ ਤਾਂ ਆਪ ਦੋ ਸਾਲ ਤਕ ਦਸਵੰਧ ਨਾ ਦੇ ਸਕੇ। ਪਰ ਜਿਉਂ ਹੀ ਆਰਥਿਕ ਹਾਲਤ ਸੁਧਰੀ, ਉਨ੍ਹਾਂ ਨੇ ਦੋਹਾਂ ਸਾਲਾਂ ਦਾ ਪਿਛਲਾ ਬਕਾਇਆ ਦਸਵੰਧ ਵੀ ਗੁਰੂ-ਭੇਟਾ ਕਰ ਦਿਤਾ। ਗੁਰਬਾਣੀ ਦੇ ਪਾਠ, ਨਾਮ ਜਪਣ, ਕੀਰਤਨ ਸੁਣਨ ਦੇ ਨਾਲ ਹੀ ਗੁਪਤ ਦਾਨ ਕਰਦੇ ਰਹਿਣ ਵਿਚ ਹੀ ਆਪ ਪ੍ਰਸੰਨ ਰਹਿੰਦੇ ਸਨ।

ਆਪ ਜੀ ਹਰ ਰੋਜ਼ ਅੰਮ੍ਰਿਤ ਵੇਲੇ ਇਕ ਜਾਂ ਦੋ ਵਜੇ ਉਠਦੇ, ਸਕੇਸੀ ਇਸ਼ਨਾਨ ਠੰਢੇ ਪਾਣੀ ਨਾਲ ਕਰਦੇ ਅਤੇ ਇਸ ਵਿਚ ਕਦੇ ਨਾਗਾ ਨਾ ਪਾਂਦੇ, ਭਾਵੇਂ ੧੦੨-੧੦੩ ਦਰਜੇ ਦਾ ਬੁਖ਼ਾਰ ਵੀ ਕਿਉਂ ਨਾ ਹੋਵੇ। ਇਸ ਤੋਂ ਬਾਅਦ ਅੱਠ ਕੁ ਵਜੇ ਤਕ ਨਾਮ-ਬਾਣੀ ਵਿਚ ਲੀਨ ਰਹਿੰਦੇ। ਉਪਰੰਤ ਪ੍ਰਸ਼ਾਦ ਪਾਣੀ ਛਕ ਕੇ ਚੁਬਾਰੇ ਚੜ੍ਹ ਜਾਂਦੇ ਅਤੇ ਸਾਰਾ ਦਿਨ ਗੁਰਬਾਣੀ ਦੀਆਂ ਪੋਥੀਆਂ ਪੜ੍ਹਦੇ ਰਹਿੰਦੇ ਜਾਂ ਗੁਰਬਾਣੀ ਗਾਇਨ ਕਰਦੇ ਰਹਿੰਦੇ। ਪਰਵਾਰ ਜਾਂ ਹੋਰ ਸੱਜਣਾਂ ਨਾਲ ਗੱਲਾਂ ਬਾਤਾਂ ਵਿਚ ਵਕਤ ਨੂੰ ਗੁਆਉਣਾ ਸਮਝਦੇ ਸਨ। ਬਹੁਤ ਵਡਾ ਪਰਵਾਰ ਅੱਠ ਲੜਕੇ, ਤਿੰਨ ਲੜਕੀਆਂ ਅਤੇ ਪੋਤਰੇ ਪੋਤਰੀਆਂ ਆਦਿ ਦੇ ਹੁੰਦਿਆਂ ਭੀ ਆਪ ਸਦਾ ਨਿਰਲੇਪ ਹੋ ਕੇ ਵਿਚਰਦੇ ਰਹੇ।

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਨਾਲ ਆਪ ਦਾ ਅਤੁਟ ਸਨੇਹ ਸੀ, ਭਾਈ ਸਾਹਿਬ ਜੀ ਦਾ ਵੀ ਆਪ ਨਾਲ ਅਮੁਲਾ ਪਿਆਰ ਸੀ ਅਤੇ ਜਦੋਂ ਮਿਲਣਾ, ਭਾਈ ਸਾਹਿਬ ਨੇ ਜੱਫੀ ਵਿਚ ਲੈ ਲੈਣਾ। ਇਉਂ ਜਾਪਦਾ ਸੀ ਜਿਵੇਂ ਕਿ ਪੂਰਬ ਜਨਮ ਦੇ ਸੰਜੋਗ ਉਦੇ ਹੋਏ ਸਨ। ਇਹ ਪਿਆਰ ਜੀਵਨ ਦੇ ਅੰਤ ਤਕ ਤੋੜ ਨਿਭਿਆ। ਆਖ਼ਰੀ ਸੁਆਸ ਤਕ ਇਹ ਬਿਵਸਥਾ ਰਹੀ ਕਿ ਜੇ ਕੋਈ ਭਾਈ ਸਾਹਿਬ ਜੀ ਦਾ ਨਾਂ ਤਕ ਲੈ ਲੈਂਦਾ ਤਾਂ ਆਪ ਦਾ ਰੋਮ ਰੋਮ ਖਿੜ ਜਾਂਦਾ।

ਭਾ: ਸਾ: ਰਣਧੀਰ ਸਿੰਘ ਜੀ ਦੇ ਨਿਰਬਾਣ ਕੀਰਤਨੀ ਜਥੇ ਤੋਂ ਹੀ ਅੰਮ੍ਰਿਤ ਛਕ ਕ ਆਪ ਨੂ ਨਾਮ ਬਾਣੀ ਤੇ ਕੀਰਤਨ ਦੀ ਐਸੀ ਲਗਨ ਲਗੀ ਕਿ ਸਾਰੇ ਵਡੇ ਸਮਾਗਮਾਂ ਵਿਚ ਸਭ ਥਾਈਂ ਦੂਰ ਨੇੜੇ ਪਹੁੰਚਣਾ ਅਤੇ ਪੰਜਾਹ ਪੰਜਾਹ ਮੀਲਾਂ ਤਕ ਰੈਣ ਸਬਾਈ ਕੀਰਤਨਾਂ ਵਿਚ ਹਾਜ਼ਰੀ ਭਰਨਾ। ਸਾਰੀ ਸਾਰੀ ਰਾਤ ਪੂਰੀ ਸਾਵਧਾਨਤਾ ਨਾਲ ਕੀਰਤਨ ਵਿਚ ਅਟੰਕ ਇਕ-ਰੱਸ ਜੁੜੇ ਬਹਿਣਾ, ਰਤਾ ਜਿੰਨੀ ਵੀ ਅੱਖ ਨਹੀਂ ਲਾਣੀ।

ਜਵਾਨੀ ਵੇਲੇ ਆਪ ਬੜੇ ਅੜਬ ਤੇ ਗੁਸੈਲ ਰਹੇ ਹਨ। ਆਪਣੇ ਅਫ਼ਸਰਾਂ ਤਕ ਨੂੰ ਵੀ ਖੂੰਡੀ ਚੁਕ ਕੇ ਮਾਰਨ ਪੈ ਜਾਂਦੇ ਸਨ। ਪਰਵਾਰ ਦੇ ਵਡੇ ਤੋਂ ਵਡੇ ਜੀਅ ਵੀ ਆਪ ਕੋਲ ਜਾਣੋਂ ਝਿਜਕਦੇ ਸਨ। ਪਰ ਨਾਮ ਬਾਣੀ ਦੀ ਕਮਾਈ ਦੇ ਤੁਫ਼ੈਲ ਬਾਅਦ ਵਿਚ ਐਸੇ ਕੋਮਲ ਤੇ ਨਰਮ-ਦਿਲ ਹੋਏ ਕਿ ਵੀਹ ਸਾਲ ਪਹਿਲੋਂ ਵੀ ਜੇ ਕਿਸੇ ਨੂੰ ਕੌੜਾ ਬੋਲ ਬੋਲਿਆ ਯਾਦ ਆ ਗਿਆ ਤਾਂ ਉਸ ਪਾਸੋਂ ਮਾਫ਼ੀ ਮੰਗਣ ਚਲੇ ਜਾਂਦੇ ਅਤੇ ਕਹਿੰਦੇ ਕਿ ਮੈਂ ਬੜਾ ਗੁਨਾਹਗਾਰ ਹਾਂ।

ਗੁਰਬਾਣੀ ਦੀ ਅਮੁਲੀ ਦਾਤਿ ਆਪ ਜੀ ਨੂੰ ਜਵਾਨੀ ਵੇਲੇ ਹੀ ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਤੋਂ ਮਿਲੀ ਸੀ। ਆਪ ਭਰ ਜਵਾਨੀ ਵਿਚ ਹੀ ਸਨ ਕਿ ਇਕੇਰਾਂ ਸੰਤ ਜੀ ਮਹਾਰਾਜ ਇਕ ਦੀਵਾਨ ਵਿਖੇ ਕੀਰਤਨ



www.AKJ.Org

ਕਰ ਰਹੇ ਸਨ। ਇਨ੍ਹਾਂ ਦੇ ਮਨ ਆਈ ਕਿ ਮਹਾਂ ਪੁਰਸ਼ਾਂ ਨਾਲ ਸਨਮੁਖ ਗੱਲਬਾਤ ਕੀਤੀ ਜਾਏ, ਪਰ ਸੋਚਿਆ ਕਿ ਇੰਨੀ ਸੰਗਤ ਵਿਚ ਇਹ ਕਿਵੇਂ ਮੁਮਕਿਨ ਹੋ ਸਕਦਾ ਹੈ। ਐਸਾ ਕੌਤਕ ਵਰਤਿਆ ਕਿ ਸੰਤਾਂ ਨੇ ਕੀਰਤਨ ਵਿਚ ਹੀ ਆਪ ਵਲ ਇਸ਼ਾਰਾ ਕਰ ਕੇ ਪੁਛਿਆ, "ਬਾਣੀ ਪੜ੍ਹਦਾ ਹੁੰਦਾ ਹੈਂ ?" ਸੋਚਿਆ ਕਿ ਮੈਨੂੰ ਤਾਂ ਸੰਤ ਜਾਣਦੇ ਹੀ ਨਹੀਂ, ਇਹ ਇਸ਼ਾਰਾ ਕਿਸੇ ਹੋਰ ਵਲ ਹੋਣੈਂ। ਚੁਪ ਵੇਖ ਕੇ ਸੰਤ ਜੀ ਨੇ ਮੁੜ ਕਿਹਾ, "ਲਾਲ ਪੱਗ ਵਾਲਿਆ ! ਬਾਣੀ ਪੜ੍ਹਦਾ ਹੁੰਨੈ ?" ਪਰਤੱਖ ਇਸ਼ਾਰਾ ਵੇਖ-ਸੁਣ ਕੇ ਉਠ ਖਲੋਤੇ ਅਤੇ ਬੇਨਤੀ ਕੀਤੀ, "ਮਹਾਰਾਜ, ਬਾਣੀ ਯਾਦ ਨਹੀਂ ਹੁੰਦੀ।" ਸੰਤਾਂ ਨੇ ਬਚਨ ਕੀਤਾ, "ਸੁਖਮਨੀ ਸਾਹਿਬ ਦਾ ਪਾਠ ਕੀਤਾ ਕਰ, ਬਾਣੀ ਬਹੁਤ ਯਾਦ ਹੋਵੇਗੀ।" ਬਸ ਫਿਰ ਕੀ ਸੀ, ਬਖ਼ਸ਼ਸ਼ ਦਾ ਮੀਂਹ ਵਰ੍ਹ ਗਿਆ। ਇੰਨੀ ਬਾਣੀ ਕੰਠ ਹੋ ਗਈ ਕਿ ਨਿਤਨੇਮ ਦੇ ਨਾਲ ਨਿਤਾਪ੍ਰਤਿ ਸੁਖਮਨੀ ਸਾਹਿਬ, ਦੋਵੇਂ ਬਾਰਹਮਾਹ, ਬਾਵਨ ਅਖਰੀ, ਅਕਾਲ ਉਸਤਤਿ ਆਦਿ ਅਨੇਕਾਂ ਬਾਣੀਆਂ ਕੰਠਾਗਰ ਪਾਠ ਕਰਦੇ ਸਨ।

ਹਰ ਸਮਾਗਮ ਸਮੇਂ ਯਥਾ ਸ਼ਕਤ ਲੰਗਰ ਆਦਿ ਦੀ ਸੇਵਾ ਲਈ ਪੰਜ ਸੌ ਤੋਂ ਲੈ ਤਿੰਨ ਹਜ਼ਾਰ ਰੁਪਏ ਤਕ ਭੇਟ ਦੇਂਦੇ ਸਨ। ਇਉਂ ਲਖਾਂ ਰੁਪਏ ਗੁਰੂ-ਲੇਖੇ ਲਾਂਦੇ ਰਹੇ, ਪਰ ਕੀ ਮਜਾਲ ਕਿ ਜੇ ਸੱਜਾ ਹੱਥ ਦਾਨ ਕਰੇ ਤੇ ਖੱਬੇ ਨੂੰ ਵੀ ਪਤਾ ਲਗ ਜਾਏ। ਪਰਵਾਰ ਦੇ ਮੈਂਬਰ ਜੇ ਕਿਤੇ ਪੁਛ ਬਹਿਣ ਤਾਂ ਗੱਲ ਟਾਲ ਦੇਣੀ, ਜਾਂ ਝਿੜਕ ਦੇਣਾ। ਇਹ ਦਾਨ ਦਸਵੰਧ ਤੋਂ ਵਖਰਾ ਹੁੰਦਾ ਸੀ। ਸਦਾ ਨਿਰਮਾਣ ਵਿਚਰਨਾ ਅਤੇ ਆਪਣਾ ਆਪ ਲੁਕਾਈ ਰਖਣਾ।

ਇਕੇਰਾਂ ਨੌਕਰੀ ਸਮੇਂ ਬਠਿੰਡੇ ਖ਼ਰੀਦੀ ਹੋਈ ਇਕ ਜਗ੍ਹਾ ਡੇਢ ਦੋ ਲੱਖ ਨੂੰ ਵਿਕ ਗਈ ਤਾਂ ਆਪਣੇ ਨਿਕਟਵਰਤੀ ਸੱਜਣ ਭਾਈ ਕਿਰਪਾਲ ਸਿੰਘ ਜੀ ਮੱਲ ਮਾਜਰਾ ਨੂੰ ਕਹਿਣ ਲਗੇ ਕਿ ਇਹ ਮਾਇਆ ਅੰਤ ਸਮੇਂ ਮੈਂ ਆਪਣੇ ਨਾਲ ਲੈ ਕੇ ਜਾਣੀ ਹੈ। ਉਸ ਸੱਜਣ ਨੇ ਕਿਹਾ ਕਿ ਅਗੇ ਤਾਂ ਇਕ ਸੂਈ ਵੀ ਨਾਲ ਨਹੀਂ ਜਾਂਦੀ, ਤੁਸੀਂ ਕਿਵੇਂ ਇਹ ਲੈ ਜਾਓਗੇ ? ਥੋੜੇ ਦਿਨਾਂ ਵਿਚ ਇਕ ਕੇਂਦਰੀ ਸਮਾਗਮ ਵਿਚ ਇਕ ਹਜ਼ਾਰ ਲੰਗਰ ਵਿਚ ਭੇਟ ਕੀਤੇ ਅਤੇ ਬਾਕੀ ਰਕਮ ਵੀ ਇਸੇ ਤਰ੍ਹਾਂ ਗੁਰੂ-ਲੇਖੇ ਲਾ ਕੇ ਬਚਨ ਕਰਨ ਲਗੇ, 'ਇਉਂ ਨਾਲ ਲੈ ਜਾਵਾਂਗਾ।'

ਬਾਣੀ ਦੇ ਬੜੇ ਖੋਜੀ ਤੇ ਰਸੀਏ ਸਨ ਅਤੇ ਸਿੰਘਾਂ ਨੂੰ ਸ਼ੁਧ ਤੇ ਸਪਸ਼ਟ ਪਾਠ ਕਰਨ ਲਈ ਪ੍ਰੇਰਨਾ ਦਿੰਦੇ ਰਹਿੰਦੇ ਸਨ। ਇਕ ਵਾਰੀ ਭਾਈ ਜੀਵਨ ਸਿੰਘ ਜੀ ਕੀਰਤਨ ਕਰ ਹਟੇ ਤਾਂ ਬਾਅਦ ਵਿਚ ਉਨ੍ਹਾਂ ਨੂੰ ਕਹਿਣ ਲਗੇ ਕਿ ਕਈ ਥਾਈਂ ਤੁਸੀਂ ਬਾਣੀ ਅਸੁਧ ਪੜ੍ਹੀ ਜਾਂਦੇ ਹੋ। ਅਗੋਂ ਨਿਮਰਤਾ ਦੇ ਪੁੰਜ ਭਾਈ ਜੀਵਨ ਸਿੰਘ ਜੀ ਆਖਣ ਲਗੇ, "ਡਾਕਟਰ ਸਾਹਿਬ, ਜਦ ਦਾਸ ਬਾਣੀ ਗ਼ਲਤ ਪੜ੍ਹ ਰਿਹਾ ਹੋਵੇ ਤਾਂ ਤੁਸੀਂ ਮੇਰੇ ਚਪੇੜ ਮਾਰਿਆ ਕਰੋ।" ਡਾਕਟਰ ਸਾਹਿਬ ਨੇ ਉਸੇ ਵੇਲੇ ਉਨ੍ਹਾਂ ਦੇ ਚਰਨ ਫੜ ਕੇ ਮਾਫ਼ੀ ਮੰਗੀ।

ਪਹਿਲਾਂ ਤਾਂ ਕਹਿੰਦੇ ਹੁੰਦੇ ਸਨ ਕਿ ਮੇਰੇ ਚਲਾਣੇ ਸਮੇਂ ਬਹੁਤੇ ਤੋਂ ਬਹੁਤੇ ਸਿੰਘਾਂ ਨੂੰ ਬੁਲਾ ਕੇ ਕੀਰਤਨ ਕਰਵਾਉਣਾ। ਫਿਰ ਅੰਤ ਸਮੇਂ ਤੋਂ ਕੁਝ ਚਿਰ ਪਹਿਲੋਂ ਕਹਿਣ ਲਗ ਪਏ, ਕੋਈ ਗੱਲ ਨਹੀਂ, ਕੋਈ ਆਵੇ ਨਾ ਆਵੇ, ਕੋਈ ਫ਼ਰਕ ਨਹੀਂ ਪੈਣਾ। ਜਿਸ ਤਰ੍ਹਾਂ ਕਿ ਉਨ੍ਹਾਂ ਨੇ ਕੁਝ ਅਨੁਭਵ ਕਰ ਲਿਆ ਹੁੰਦਾ ਹੈ। ਸਬੱਬ ਐਸਾ ਹੋਇਆ ਕਿ ਉਨ੍ਹਾਂ ਦੇ ਭੋਗ ਵੇਲੇ ਕਈ ਥਾਈਂ ਸਮਾਗਮ ਆਦਿ ਹੋਣ ਕਰਕੇ ਮੁਸ਼ਕਲ ਨਾਲ ਗਿਣਤੀ ਦੇ ਸਿੰਘ ਹੀ ਪੁਜ ਸਕੇ। ਇਥੋਂ ਤਕ ਕਿ ਭਾਈ ਕਿਰਪਾਲ ਸਿੰਘ ਜੀ ਮੱਲ ਮਾਜਰਾ, ਜਿਸ ਨੂੰ ਉਹ ਆਪਣਾ ਭਤੀਜਾ ਹੀ ਸਮਝਦੇ ਹੁੰਦੇ ਸਨ, ਉਹ ਵੀ ਕਿਸੇ ਘਰੋਗੀ ਉਲਝਣ ਵਿਚ ਫਸੇ ਹੋਣ ਕਰਕੇ ਨਾ ਪੁਜ ਸਕਿਆ।

ਇਉਂ ਇਹ ਗੁਰੂ ਕਾ ਲਾਲ ਬਾਣੀ ਪੜ੍ਹਦਿਆਂ, ਨਾਮ ਜਪਦਿਆਂ, ਅਤੇ ਇਕ ਚੌਂਕੜੇ ਵਿਚ ਰੈਣ ਸਬਾਈ ਕੀਰਤਨਾਂ ਵਿਚ ਹਾਜ਼ਰੀਆਂ ਭਰਦਿਆਂ ੯੧ ਸਾਲਾਂ ਦੀ ਆਯੂ ਬਤੀਤ ਕਰ ਕੇ ਗੁਰਪੁਰੀ ਨੂੰ ਸਿਧਾਰ ਗਿਆ।

ਵਲੋਂ—ਡਾਕਟਰ ਨਿਰੰਜਨ ਸਿੰਘ (ਸਪੁੱਤਰ)
ਭਾਈ ਕਿਰਪਾਲ ਸਿੰਘ ਮੱਲ ਮਾਜਰਾ (ਸਮਰਾਲਾ)


www.AKJ.Org

# ਜੇ ਘਰੁ ਭੰਨੈ ਪਾਹਰੂ......

ਪੰਥਕ ਪ੍ਰਬੰਧ ਥਲੇ ਆਉਣ ਮਗਰੋਂ ਸ੍ਰੀ ਅਕਾਲ ਤਖਤ ਸਾਹਿਬ ਤੇ ਪਾਠਾਂ ਦੇ ਭੋਗ ਹਮੇਸ਼ਾ ਮੁੰਦਾਵਣੀ ਉਤੇ ਹੀ ਪਾਏ ਜਾਂਦੇ ਰਹੇ ਹਨ। ਪਤਾ ਨਹੀਂ ਕਿਸ ਭੈ ਜਾਂ ਮਜਬੂਰੀ ਦੇ ਕਾਰਨ ਸ੍ਰੋ: ਗੁ: ਪ੍ਰ: ਕਮੇਟੀ ਵਲੋਂ ਨੀਲਾ ਤਾਰਾ ਸਾਕੇ ਮਗਰੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪਾਠਾਂ ਦੇ ਭੋਗ ਰਾਗ-ਮਾਲਾ ਤੇ ਪਾਏ ਜਾਣੇ ਆਰੰਭ ਹੋ ਗਏ ਹਨ ਤੇ ਇਸ ਤਰ੍ਹਾਂ ਸ੍ਰੋ: ਗੁ: ਪ੍ਰ. ਕਮੇਟੀ ਵਲੋਂ ਖ਼ੁਦ ਹੀ ੧੯੪੬ ਦੇ ਉਸ ਪੰਥਕ ਫ਼ੈਸਲੇ ਦੀ ਉਲੰਘਣਾ ਕੀਤੀ ਜਾ ਰਹੀ ਹੈ, ਜਿਸ ਦੁਆਰਾ ਪਾਠਾਂ ਦੇ ਭੋਗ ਸਥਾਨਿਕ ਰੀਤੀ ਅਨੁਸਾਰ ਪਾਏ ਜਾਣ ਦੀ ਬਿਵਸਥਾ ਹੈ।

ਇਸ ਸੰਬੰਧ ਵਿਚ ਸ੍ਰੋ: ਗੁ: ਪ੍ਰ: ਕਮੇਟੀ ਨੂੰ ਲਿਖੀ ਗਈ ਪਤ੍ਰਕਾ ਦੀ ਨਕਲ ਥੱਲੇ ਦਿਤੀ ਜਾ ਰਹੀ ਹੈ।

ਸ੍ਰੋ: ਗੁ: ਪ੍ਰ: ਕਮੇਟੀ ਨੂੰ ਉਸ ਦੀ ਜ਼ਿਮੇਂਵਾਰੀ ਦਾ ਅਹਿਸਾਸ ਕਰਾਉਣ ਸੰਬੰਧੀ ਸਾਰੇ ਪਾਸਿਓਂ ਪੱਤਰ ਲਿਖੇ ਜਾਣ ਦੀ ਲੋੜ ਹੈ।

—ਸੰਪਾਦਕ

ਪ੍ਰਧਾਨ ਸਾਹਿਬ

ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

**ਵਿਸ਼ਾ-ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਪੁਰਾਤਨ ਮਰਯਾਦਾ ਦੀ ਬਹਾਲੀ ਬਾਰੇ**

ਸ੍ਰੀ ਮਾਨ ਜੀ,

੧. ਭਾ: ਸਾ: ਭਾ: ਰਾਮ ਸਿੰਘ ਜੀ ਨੇ ਪੰਥਕ ਏਕਤਾ ਦੇ ਵਡੇਰੇ ਹਿਤਾਂ ਨੂੰ ਮੁਖ ਰਖਦਿਆਂ ਹੱਥ-ਲਿਖਤ ਬੀੜ ਵਿਚ ਰਾਗਮਾਲਾ ਦਰਜ ਕਰ ਦਿਤੀ ਹੋਈ ਹੈ। ਇਸ ਸੰਬੰਧੀ ਪ੍ਰੈਸ ਨੂੰ ਦਿਤੇ ਬਿਆਨ ਵਿਚ ਉਹਨਾਂ ਨੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ ਸਿਖ ਰਹਿਤ ਮਰਯਾਦਾ ਨਾਮੀ ਟ੍ਰੈਕਟ ਵਿਚ ਅੰਕਤ ਰਾਗ ਮਾਲਾ ਨਾਲ ਸੰਬੰਧਤ ਪੰਥਕ ਫੈਸਲੇ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਹੋ ਰਹੀ ਉਲੰਘਣਾ ਵਲ ਧਿਆਨ ਦਿਵਾ ਕੇ ਬੇਨਤੀ ਕੀਤੀ ਸੀ ਕਿ ਇਸ ਨੂੰ ਦੂਰ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪੁਰਾਤਨ ਮਰਯਾਦਾ ਬਹਾਲ ਕੀਤੀ ਜਾਵੇ।

੨. ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਨੀਲਾ-ਤਾਰਾ ਸਾਕਾ ਕਾਰਵਾਈ ਤਕ ਪਾਠਾਂ ਦੇ ਭੋਗ, ਤਖ਼ਤ ਸਾਹਿਬ ਦੀ ਸਥਾਨਿਕ ਰੀਤੀ ਅਨੁਸਾਰ ਸਦਾ 'ਮੁੰਦਾਵਣੀ' ਉਤੇ ਹੀ ਪਾਏ ਜਾਂਦੇ ਰਹੇ ਹਨ। ਪਰ ਇਸ ਦੁਖਦਾਈ ਕਾਂਡ ਤੋਂ ਮਗਰੋਂ ਪਤਾ ਨਹੀਂ ਕਿਸ ਅਧਾਰ ਤੇ ਪਾਠਾਂ ਦੇ ਭੋਗ ਰਾਗ ਮਾਲਾ ਉਤੇ ਪਾਉਣੇ ਆਰੰਭ ਹੋ ਗਏ ਹਨ। ਪੰਥਕ ਫ਼ੈਸਲੇ ਦੀ ਇਹ ਘੋਰ ਉਲੰਘਣਾ ਕਈ ਸਾਲਾਂ ਤੋਂ ਚਾਲੂ ਹੈ। ਹੈਰਾਨੀ ਦੀ ਗੱਲ ਹੈ ਕਿ 'ਸਿਖ ਰਹਿਤ ਮਰਯਾਦਾ' ਟ੍ਰੈਕਟ ਦੀ ਪ੍ਰਕਾਸ਼ਨ ਅਤੇ ਇਸ ਦੀ ਪਹਿਰੇਦਾਰ ਸੰਸਥਾ ਸ੍ਰੋ: ਗੁ: ਪ੍ਰ: ਕਮੇਟੀ ਇਸ ਉਲੰਘਣਾ ਪ੍ਰਤੀ ਕਿਉਂ ਅੱਖਾਂ ਮੀਟੀ ਬੈਠੀ ਹੈ। ਜੇ ਗੁਰਦੁਆਰਾ ਪ੍ਰਬੰਧ ਨਾਲ ਸੰਬੰਧਤ ਇਹ ਪ੍ਰਤੀਨਿਧ ਸੰਸਥਾ ਆਪਣੇ ਪ੍ਰਬੰਧ ਹੇਠ ਹੀ ਪੰਥਕ ਫ਼ੈਸਲੇ ਦੀ ਉਲੰਘਣਾ ਪ੍ਰਤੀ ਅਣਗਹਿਲੀ ਵਰਤ ਰਹੀ ਹੈ ਤਾਂ ਨਿਰਸੰਦੇਹ ਇਹ ਆਪਣੇ ਫ਼ਰਜ਼ ਵਲੋਂ ਕੋਤਾਹੀ ਵਰਤ ਰਹੀ ਹੈ ਅਤੇ ਆਪਣੀ ਪੁਜ਼ੀਸ਼ਨ ਨੂੰ ਹਾਸੋ ਹੀਣਾ ਬਣਾ ਰਹੀ ਹੈ।

੩. ਅਖੰਡ ਕੀਰਤਨੀ ਜਥੇ ਵਲੋਂ ਪੁਰਜ਼ੋਰ ਬੇਨਤੀ ਹੈ ਕਿ ਉਪ੍ਰੋਕਤ ਉਲੰਘਣਾ ਨੂੰ ਦੂਰ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਪੁਰਾਤਨ ਮਰਯਾਦਾ ਤੁਰਤ ਬਹਾਲ ਕੀਤੀ ਜਾਵੇ, ਤਾਂ ਜੁ ਰਾਗ ਮਾਲਾ ਸੰਬੰਧੀ ਵਾਦ-ਵਿਵਾਦ ਪੂਰਨ ਤੌਰ ਤੇ ਖ਼ਤਮ ਹੋਵੇ।

੪. ਇਸ ਸੰਬੰਧੀ ਕੀਤੀ ਗਈ ਕਾਰਵਾਈ ਬਾਰੇ ਮੁੜਦੀ ਡਾਕ ਰਾਹੀਂ ਸੂਚਤ ਕਰਨ ਦੀ ਕ੍ਰਿਪਾਲਤਾ ਕਰਨੀ ਜੀ।

**ਖ਼ਾਲਸਾ ਜੀ ਦਾ ਸੇਵਾਦਾਰ ਸੂਰਾ ਪਰਵਾਰ**
**ਅਖੰਡ ਕੀਰਤਨੀ ਜਥਾ**

ਉਤਾਰਾ—੧. ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ
੨. ਸ: ਮਨਜੀਤ ਸਿੰਘ ਕਲਕੱਤਾ, ਸਕਤ੍ਰ, ਸ੍ਰੋ: ਗੁ: ਪ੍ਰ: ਕਮੇਟੀ



www.AKJ.Org

# 'ਪ੍ਰਤਿਪਾਲੈ ਨਿਤ ਸਾਰਿ ਸਮਾਲੈ'

[ਜੇ. ਪੀ. ਸੰਤ ਸਿੰਘ ਜੀ, ੭੫/ੜ ਬੰਬਈ-੯੨]

ਸੰਸਾਰ ਵਿਚ ਜਿਤਨੇ ਜੀਵ ਜੰਤੂ, ਪਸ਼ੂ, ਪੰਛੀ, ਕੀੜੇ ਮਕੌੜੇ, ਮਨੁਖ ਪ੍ਰਾਣੀ ਆਦਿ ਵਾਹਿਗੁਰੂ ਜੀ ਸੰਸਾਰ ਵਿਚ ਭੇਜਦੇ ਹਨ, ਉਹਨਾਂ ਨੂੰ ਭੇਜਣ ਤੋਂ ਪਹਿਲਾਂ ਉਹਨਾਂ ਸਭਨਾਂ ਦਾ, ਉਹਨਾਂ ਦੀ ਲੋੜ ਅਤੇ ਸੁਭਾਅ ਅਨੁਸਾਰ ਰੋਜ਼ੀ ਰਿਜ਼ਕ ਅਹਾਰ ਅਥਵਾ ਰਹਿਣ ਲਈ ਥਾਂ ਆਦਿ ਦਾ ਪ੍ਰਬੰਧ ਕਰਦੇ ਹਨ। ਹਰ ਜੀਵ ਦਾ ਆਹਾਰ ਇਸ ਸ੍ਰਿਸ਼ਟੀ ਵਿਚ ਮੌਜੂਦ ਹੈ।

ਜੀਵ ਦੇ ਜੀਵਨ ਲਈ ਸਭ ਤੋਂ ਪਹਿਲੀ ਲੋੜ ਹੁੰਦੀ ਹੈ ਹਵਾ ਦੀ। ਜਿਹੜੀ ਕਿ ਵਾਹਿਗੁਰੂ ਜੀ ਨੇ ਬੇਹਿਸਾਬ, ਅਣਮਿਣਤ ਪੈਦਾ ਕਰ ਰਖੀ ਹੈ ਅਤੇ ੨੪ ਘੰਟੇ ਰਾਤ ਦਿਨ ਇਸ ਦਾ ਪ੍ਰਵਾਹ ਚਲਦਾ ਰਹਿੰਦਾ ਹੈ। ਦੂਜੀ ਅਵਸ਼ਕਤਾ ਜੀਵ ਦੀ ਹੈ ਪਾਣੀ। ਵਾਹਿਗੁਰੂ ਜੀ ਨੇ ਨਦੀਆਂ, ਦਰਿਆ, ਝੀਲਾਂ, ਝਰਨੇ, ਚਸ਼ਮੇ ਆਦਿ ਬੇਹਿਸਾਬ ਪਾਣੀ ਦੇ ਭਰ ਕੇ ਰਖੇ ਹਨ। ਸਮੇਂ ਸਮੇਂ ਬਾਰਸ਼ ਵਰਸਾ ਕੇ ਵੀ ਪਾਣੀ ਦੀ ਪੂਰਤੀ ਦਾ ਪ੍ਰਬੰਧ ਕਰ ਕੇ ਰਖਿਆ ਹੈ। ਪਹਾੜਾਂ ਉਤੇ ਬਰਫ਼ਾਂ ਦੇ ਭੰਡਾਰ ਪ੍ਰਭੂ ਜੀ ਨੇ ਰਖੇ ਹੋਏ ਹਨ, ਜਿਹੜੇ ਕਿ ਗਰਮੀ ਦੇ ਦਿਨਾਂ ਵਿਚ, ਜਦੋਂ ਧਰਤੀ ਉਤੇ ਪਾਣੀ ਦੀ ਲੋੜ ਹੁੰਦੀ ਹੈ, ਪਿਘਲ ਪਿਘਲ ਕੇ ਇਸ ਘਾਟ ਨੂੰ ਪੂਰਿਆਂ ਕਰਦੇ ਹਨ। ਇਸ ਤੋਂ ਛੁਟ ਧਰਤੀ ਦੇ ਅੰਦਰ ਵੀ ਬੇਹਿਸਾਬ ਪਾਣੀ ਦਾ ਭੰਡਾਰ ਰਖ ਛਡਿਆ ਹੈ। ਜੀਵਾਂ ਦੀ ਉਦਰ-ਪੂਰਨਤਾ ਲਈ ਇਕ ਇਕ ਬੀਜ ਵਿਚ ਪੂਰਾ ਪੂਰਾ ਬ੍ਰਿਛ ਤੇ ਇਕ ਇਕ ਬ੍ਰਿਛ ਵਿਚ ਮਣਾਂ ਮੂੰਹੀ ਫਲ ਆਦਿ ਭਰ ਕੇ ਰਖ ਦਿਤਾ ਹੈ, ਅਤੇ ਧਰਤੀ ਵਿਚ ਇਸ ਬੀਜ ਤੋਂ ਬ੍ਰਿਛ ਬਣਾ ਦੇਣ ਦੀ ਸ਼ਕਤੀ ਭਰ ਦਿਤੀ ਹੈ।

ਧਰਮ ਗ੍ਰੰਥਾਂ ਅਨੁਸਾਰ ਸ੍ਰਿਸ਼ਟੀ ਵਿਚ ੮੪ ਲੱਖ ਜੂਨਾਂ ਦੇ ਜੀਵ ਹਨ। ਵਾਹਿਗੁਰੂ ਜੀ ਦੀ ਨਜ਼ਰ ਵਿਚ ਇਕ ਕੀੜੀ ਤੇ ਹਾਥੀ, ਇਕ ਚੂਹਾ ਤੇ ਸ਼ੇਰ ਇਕ-ਬਰਾਬਰ ਹਨ। ਐਪਰ ਬਾਕੀ ਸਭ ਜੂਨੀਆਂ ਦੇ ਜੀਵਾਂ ਦੀ ਪ੍ਰਵਾਹ ਨਾ ਕਰਦੇ ਹੋਏ, ਵਾਹਿਗੁਰੂ ਜੀ ਨੇ ਸੰਸਾਰ ਦੀਆਂ ਸਭ ਸੁਖ ਸੁਬਿਧਾਵਾਂ, ਰੇਡੀਓ, ਟੀ.ਵੀ. ਟੈਲੀਫ਼ੋਨ, ਬਿਜਲੀ, ਹੀਟਰ, ਏਅਰ ਕੰਡੀਸ਼ਨ ਮੋਟਰਾਂ, ਗੱਡੀਆਂ, ਰੇਲਾਂ, ਜਹਾਜ਼, ਸਭ ਕੁਝ ਹੀ ਕੇਵਲ ਮਨੁਖ ਨੂੰ ਹੀ ਬਖ਼ਸ਼ੀਆਂ ਹਨ। ਕੇਵਲ ਮਨੁਖ ਨੂੰ ਹੀ ਵਾਹਿਗੁਰੂ ਜੀ ਨੇ ਬੁਧੀ, ਅਤੇ ਸੋਚ ਸ਼ਕਤੀ ਬਖਸ਼ੀ ਹੈ। ਇਹ ਇਸ ਲਈ ਕਿ ਇਸ ਦੁਆਰਾ ਇਹ ਕੁਦਰਤ ਦੇ ਨਿਯਮਾਂ ਨੂੰ ਸਮਝੇ ਅਤੇ ਉਹਨਾਂ ਜੀਵਾਂ, ਜਿਹਨਾਂ ਨੂੰ ਬੁਧੀ ਨਹੀਂ, ਜ਼ਬਾਨ ਨਹੀਂ, ਹੱਥ ਨਹੀਂ, ਕਈਆਂ ਦੇ ਪੈਰ ਵੀ ਨਹੀਂ, ਅਤੇ ਮਨੁਖ ਸ਼ਰੇਣੀ ਚੋਂ ਜਿਹੜੇ ਅਪੰਗ ਹਨ, ਦਿਮਾਗ਼ੀ ਤੌਰ ਤੇ ਸਰੀਰਕ ਤੌਰ ਤੇ ਅਤੇ ਸਿਹਤ ਦੇ ਪੱਖੋਂ ਕਮਜ਼ੋਰ ਹਨ, ਉਹਨਾਂ ਲਈ ਇਹ ਸਹਾਇਕ ਸਾਬਤ ਹੋਵੇ। ਐਪਰ ਇਸ ਨੇ ਪ੍ਰਭੂ ਜੀ ਦੀ ਬਖਸ਼ੀ ਬੁਧੀ ਨੂੰ ਕੁਦਰਤ ਦੇ ਨੇਮਾਂ ਨੂੰ ਸਮਝਣ ਦੀ ਥਾਂ ਸੁਆਰਥ-ਵਸ ਉਲਟਾ ਪੁਲਟਾ ਸੋਚਣ ਉਤੇ ਲਾ ਦਿਤਾ ਹੈ। ਇਹ ਸੋਚਣ ਲਗ ਪਿਆ ਹੈ ਕਿ ਸੰਸਾਰ ਦੀ ਸਾਰੀ ਧਨ-ਸੰਪਤੀ ਕੇਵਲ ਉਸੇ ਦੇ ਅਧਿਕਾਰ ਵਿਚ ਹੋਣੀ ਚਾਹੀਦੀ ਹੈ, ਦੁਨੀਆ ਦੀ ਸਾਰੀ ਧਰਤੀ ਕੇਵਲ ਉਸੇ ਦੀ ਮਲਕੀਅਤ ਹੀ ਹੋਣੀ ਚਾਹੀਦੀ ਹੈ ਅਤੇ ਇਸ ਦੀ ਪ੍ਰਾਪਤੀ ਲਈ ਇਹ ਝੂਠ, ਫਰੇਬ, ਵਲ ਛਲ, ਕਪਟ, ਹੇਰ ਫੇਰ, ਅਥਵਾ ਸੀਨਾ-ਜ਼ੋਰੀ ਤੇ ਕਈ ਪ੍ਰਕਾਰ ਦੇ ਪੈਂਤੜੇ ਖੇਡ ਕੇ, ਜਿਹਨਾਂ ਦਾ ਸਹਾਇਕ ਬਣਨਾ ਸੀ, ਉਹਨਾਂ ਦਾ ਹੀ ਹੱਕ ਮਾਰ ਕੇ, ਆਪਣੇ ਹਿੱਸੇ ਨਾਲੋਂ ਵਧ ਮਾਰ ਮਾਰ ਕੇ ਆਪਣਾ ਘਰ ਭਰ ਰਿਹਾ ਹੈ, ਜਿਸ ਨਾਲ ਪ੍ਰਭੂ ਦੀ ਰਿਜ਼ਕ-ਵਿਤ੍ਰਣ ਮਰਯਾਦਾ ਵਿਚ ਵਿਘਨ ਪੈ ਰਿਹਾ ਹੈ। ਇਸ ਦੇ ਫਲ-ਸਰੂਪ ਕਈ ਵਿਚਾਰਿਆਂ, ਜਿਹਨਾਂ ਦਾ ਹੱਕ ਇਹ ਮਾਰ ਲੈਂਦਾ ਹੈ, ਉਹਨਾਂ ਨੂੰ ਇਕ ਇਕ ਡੰਗ ਵੀ ਢਿਡ ਭਰਨ ਨੂੰ ਨਹੀਂ ਮਿਲਦਾ। ਇਧਰ ਇਹ ਵਾਧੂ ਖਾ ਖਾ ਕੇ ਆਫਰ ਰਿਹਾ ਹੈ, ਅਥਵਾ, ਇਸ ਦੇ ਘਰ ਵਿਚ ਕਿਤਨਾ ਹੀ ਅੰਨ ਬੇਕਾਰ ਜ਼ਾਇਆ ਹੁੰਦਾ ਹੈ। ਪ੍ਰਭੂ ਜੀ ਵਲੋਂ ਹਰ ਜੀਵ ਲਈ ਉਸ ਦੀ ਲੋੜ ਤੇ ਸੁਭਾਅ ਅਨੁਸਾਰ ਬਰਾਬਰ ਅਹਾਰ ਆ ਰਿਹਾ ਹੈ, ਪਰ ਇਸ ਮਨੁੱਖ ਦੀ ਸੀਨਾ-ਜ਼ੋਰੀ ਉਹਨਾਂ ਕਮਜ਼ੋਰਾਂ, ਬਲਹੀਨਾਂ ਅਤੇ ਬੇਜ਼ੁਬਾਨਾਂ ਨੂੰ ਫ਼ਾਕੇ ਕਟਣ ਤੇ ਮਜਬੂਰ ਕਰਦੀ ਹੈ। ਇਹਨਾਂ ਸੀਨਾ-ਜ਼ੋਰਾਂ ਦੇ ਤਿੰਨ



www.AKJ.Org

ਤਿੰਨ ਚਾਰ ਚਾਰ ਜੀਵਾਂ ਦੇ ਟਬਰਾਂ ਲਈ ਅਠ ਅਠ ਦਸ ਦਸ ਕਮਰਿਆਂ ਦੇ ਮਕਾਨ ਵੀ ਪੂਰੇ ਨਹੀਂ ਪੈਂਦੇ। ਦੂਜੇ ਪਾਸੇ ਇਕਨਾਂ ਦੀ ੮-੮ ਦਸ ਦਸ ਜੀਵਾਂ ਦੇ ਟਬਰਾਂ ਨੂੰ ਕੇਵਲ ਇਕ ਇਕ ਕਮਰਾ ਹੀ ਨਸੀਬ ਹੁੰਦਾ ਹੈ। ਉਹੋ ਕਮਰਾ ਹੀ ਉਹਨਾਂ ਦਾ ਡਰਾਇੰਗ ਰੂਮ, ਡਾਈਨਿੰਗ ਰੂਮ, ਓਹੋ ਹੀ ਉਹਨਾਂ ਦਾ ਬੈਡ ਰੂਮ ਤੇ ਕਿਚਨ ਤੇ ਉਹੋ ਹੀ ਉਹਨਾਂ ਦਾ ਬਾਥ ਰੂਮ ਹੁੰਦਾ ਹੈ। ਅਤੇ ਕਈ ਵਿਚਾਰਿਆਂ ਨੂੰ ਇਹ ਵੀ ਨਸੀਬ ਨਹੀਂ ਹੁੰਦਾ, ਉਹਨਾਂ ਨੂੰ ਸਾਰੀ ਸਾਰੀ ਉਮਰ ਆਸਮਾਨ ਦੀ ਛਤ ਹੇਠ ਕਟਣੀ ਪੈਂਦੀ ਹੈ।

ਇਸ ਤਰ੍ਹਾਂ ਹੋਰਨਾਂ ਦਾ ਹੱਕ ਮਾਰ ਕੇ ਮਾਇਆਂ ਸੰਚਨ-ਹਾਰਿਆਂ ਨੂੰ, ਪਾਵਨ ਗੁਰਬਾਣੀ ਨੇ ਮਾਇਆਧਾਰੀ ਆਖਿਆ ਹੈ ਅਤੇ ਵੇਖਣ ਵਿਚ ਆਇਐ ਕਿ ਆਮ ਤੌਰ ਤੇ ਇਹੋ ਜਿਹੇ ਮਾਇਆ-ਧਾਰੀਆਂ ਨੂੰ ਕਈ ਪ੍ਰਕਾਰ ਦੀਆਂ ਸ਼ਾਹੀ ਬੀਮਾਰੀਆਂ ਚਮੁਟੀਆਂ ਹੁੰਦੀਆਂ--ਟੈਨਸ਼ਨ, ਬਲੱਡ ਪ੍ਰੈਸ਼ਰ, ਅਪੱਚ, ਉਨੀਂਦਾ, ਬ੍ਰੇਨ ਹੈਮਰਿਜ ਦੇ ਇਹ ਆਮ ਤੌਰ ਤੇ ਸ਼ਿਕਾਰ ਹੁੰਦੇ ਹਨ। ਤਕਰੀਬਨ ਹਰ ਬੀਮਾਰੀ ਦੀ ਜਣਨੀ ਚਿੰਤਾ ਹੁੰਦੀ ਹੈ ਅਤੇ ਇਸ ਤਰ੍ਹਾਂ ਹੋਰਨਾਂ ਦਾ ਹੱਕ ਮਾਰ ਕੇ ਬਣੇ ਮਾਇਆ-ਧਾਰੀਆਂ ਨੂੰ ਇਹ ਚਿੰਤਾ ਰੋਗ ਅਵੱਸ਼ ਹੀ ਹੁੰਦਾ ਹੈ–

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥ (ਪੰਨਾ ੧੦੧੯–੮)

ਇਸ ਚਿੰਤਾ ਦਾ ਮੁਖ ਕਾਰਨ ਹੈ ਪਰਾਇਆ ਹੱਕ ਮਾਰ ਕੇ ਧਨ-ਸੰਪਤੀ ਦਾ ਸੰਚਾਰ। ਪਰਾਇਆ ਹੱਕ ਮਾਰਨ ਵਾਲਿਆਂ ਸੰਬੰਧੀ ਪਾਵਨ ਗੁਰਬਾਣੀ ਦਾ ਫੁਰਮਾਨ ਹੈ–

ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ ॥ (੧੪੧–੧)

ਅਤੇ ਜਿਹੜਾ ਇਸ ਤਰ੍ਹਾਂ ਦੂਜਿਆਂ ਦਾ ਹੱਕ ਮਾਰ ਕੇ ਖਾਂਦਾ ਹੈ, ਉਹ "ਮੁਰਦਾਰ" ਖਾਣ ਬਰਾਬਰ ਹੈ ਅਤੇ ਜਿਹੜਾ ਕੋਈ "ਮੁਰਦਾਰ" ਖਾਂਦਾ ਹੈ ਉਸ ਦੇ ਪੱਖ ਵਿਚ, ਧਰਮ ਰਾਜ ਦੀ ਕਚਹਿਰੀ ਵਿਚ ਕੋਈ ਗੁਰੂ ਪੀਰ ਪੈਗੰਬਰ ਹਾਮੀ ਨਹੀਂ ਭਰੇਗਾ–

ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ (੧੪੧–੧)

ਪਾਵਨ ਗੁਰਬਾਣੀ ਦਾ ਫੁਰਮਾਨ ਹੈ ਕਿ ਇਸ ਤਰ੍ਹਾਂ ਦੂਜਿਆਂ ਦਾ ਹੱਕ ਮਾਰ ਮਾਰ ਬਣਿਆ ਮਾਇਆ-ਧਾਰੀ ਨਾਲੇ ਅੰਨ੍ਹਾ ਹੁੰਦਾ ਹੈ ਨਾਲੇ ਡੋਰਾ–"ਮਾਇਆਧਾਰੀ ਅਤਿ ਅੰਨ੍ਹਾ ਬੋਲਾ"। ਇਸ ਨੂੰ ਕੇਵਲ ਸੁਆਰਥ ਦੀ ਗੱਲ ਹੀ ਸੁਣਾਈ ਦੇਂਦੀ ਹੈ। ਸਤਿਗੁਰੂ, ਅਥਵਾ ਪਾਵਨ ਗੁਰੂ-ਬਾਣੀ ਦੀ ਕੋਈ ਗੱਲ ਨਾ ਤਾਂ ਸੁਣਾਈ ਹੀ ਦੇਂਦੀ ਹੈ ਨਾ ਹੀ ਸਮਝ ਹੀ ਆ ਸਕਦੀ ਹੈ–

ਸਬਦੁ ਨ ਸੁਣਈ, ਬਹੁ ਰੋਲ ਘਚੋਲਾ ॥ (੩੧੩–੧੭)

ਇਹਨਾਂ ਨੂੰ ਬੀਮਾਰ ਰਹਿਣਾ ਪ੍ਰਵਾਨ ਹੈ, ਰੋਜ਼ ਡਾਕਟਰਾਂ ਤੇ ਹਸਪਤਾਲਾਂ ਵਿਚ ਧਨ ਲੁਟਾਣਾ ਮਨਜ਼ੂਰ ਹੈ; ਐਪਰ ਸਤਿਗੁਰੂ ਤੇ ਗੁਰਬਾਣੀ ਦੀ ਗੱਲ ਸੁਣਨੀ ਪ੍ਰਵਾਨ ਨਹੀਂ।

ਸਾਨੂੰ ਰੋਜ਼ ਹੀ ਸਵੇਰੇ, ਹਰ ਨਵਾਂ ਦਿਨ ਸ਼ੁਰੂ ਕਰਨ ਤੋਂ ਪਹਿਲਾਂ ਜਪੁਜੀ ਸਾਹਿਬ ਵਿਚ ਚੁਭੇ ਮਾਰਨ ਦਾ ਹੁਕਮ ਹੈ। ਅਸੀਂ ਪੜ੍ਹ ਛਡਦੇ ਹਾਂ, ਇਹ ਮਾਇਆ-ਧਾਰੀ ਵੀ ਜ਼ਰੂਰ ਹੀ ਪੜ੍ਹਦੇ ਹੋਣਗੇ, ਐਪਰ ਜਪੁਜੀ ਚੋਂ ਸੇਧ ਕੀ ਮਿਲ ਰਹੀ ਹੈ, ਉਸ ਵਲ ਨਾ ਤਾਂ ਕਿਸੇ ਦਾ ਧਿਆਨ ਜਾਂਦਾ ਹੈ ਅਤੇ ਨਾ ਹੀ ਕਿਸੇ ਨੂੰ ਉਨ੍ਹਾਂ ਦੀ ਪ੍ਰਵਾਹ ਹੀ ਹੈ। 'ਜਪੁਜੀ' ਗੁਰਸਿਖ ਦੀ ਰੋਜ਼ਾਨਾ ਦੀ ਪ੍ਰੇਰਨਾ ਹੈ, 'ਜਪੁਜੀ' ਗੁਰਸਿਖ ਦੀ ਰੋਜ਼ਾਨਾ ਨਵੇਂ ਉਤਸ਼ਾਹ ਦਾ ਸ੍ਰੋਤ ਹੈ, 'ਜਪੁਜੀ' ਗੁਰਸਿਖ ਲਈ ਰੋਜ਼ਾਨਾ ਜੀਵਨ ਦਾ ਪੱਥ-ਪ੍ਰਦਰਸ਼ਕ ਹੈ, ਜਿਹੜਾ ਉਸ ਨੂੰ ਰੋਜ਼ ਹੀ ਉਸਦੇ ਜੀਵਨ, ਸਮਾਜੀ ਜੀਵਨ ਅਥਵਾ ਹੋਰ ਹਰ ਪ੍ਰਕਾਰ ਦੀ ਔਕੜ ਵਿਚ ਸਹਾਇਕ ਤੇ ਸਹਿਯੋਗੀ ਹੈ। ਮਨੁਖ ਨੇ ਜੇ ਸੌ ਸਾਲ ਜੀਣਾ ਹੋਵੇ ਤਾਂ ਉਸ ਦੇ ਜੀਵਨ ਵਿਚ ੩੬੫੮੦ ਦਿਨ ਆਉਣਗੇ ਅਤੇ ਜਪੁਜੀ ਸਾਹਿਬ ਵਿਚ ਕੁਲ ੩੭੦ ਹੀ ਤੁਕਾਂ ਹਨ। ਐਪਰ ਜਪੁਜੀ ਤੋਂ ਪ੍ਰਕਾਸ਼ ਲੈਣ ਦੇ ਮੰਤਵ ਨਾਲ, ਜਪੁਜੀ ਵਿਚ ਚੁਭੇ ਮਾਰਨ ਵਾਲਿਆਂ ਨੂੰ ਸਾਢੇ ੩੬ ਹਜ਼ਾਰ ਦਿਨਾਂ ਵਿਚ ਰੋਜ਼ ਹੀ ਨਵੀਂ ਪ੍ਰੇਰਨਾ ਮਿਲੇਗੀ, ਨਵਾਂ ਉਤਸ਼ਾਹ ਮਿਲੇਗਾ।

ਰੋਜ਼ ਆਪਣੇ ਕੰਮਾਂ ਕਾਰਾਂ ਤੇ ਜਾਣ ਤੋਂ ਪਹਿਲਾਂ ਸਾਨੂੰ ਜਪੁਜੀ ਤੋਂ ਪ੍ਰਕਾਸ਼ ਮਿਲਦਾ ਹੈ ਕਿ ਜਿਹੜਾ ਕੋਈ


www.AKJ.Org

ਜੀਵਨ ਵਿਚ ਦੋ ਗੁਣ ਪੈਦਾ ਕਰ ਲਏਗਾ–੧.'ਸੁਅਸਤਿ ਆਥਿ' ਅਤੇ ੨.'ਬਾਣੀ ਬਰਮਾਉ' ।'ਸੁਅਸਤਿ ਆਥਿ' ਦਾ ਭਾਵ ਹੈ–ਰੋਜ਼ੀ ਅਥਵਾ ਉਪਜੀਵਕਾ, ਕਮਾਈ ਦੇ ਨਿਰਵਿਕਾਰ ਸਾਧਨ । ਉਹ ਸਾਧਨ ਜਿਹਨਾਂ ਵਿਚ ਨਾ ਝੂਠ, ਨਾ ਛਲ ਕਪਟ, ਨਾ ਧੋਖਾ, ਨਾ ਵਾਧੂ ਕਮਾਈ ਦੀ ਭਾਵਨਾ ਅਤੇ ਨਾ ਹੀ ਲੋੜ ਤੋਂ ਵਧ ਸੰਚਾਰ ਦੀ ਕਾਮਨਾ ਹੋਵੇ । ਧਰਮ ਦੀ ਕਿਰਤ, ਤੇ ਉਹ ਵੀ ਉਤਨੀ ਕੁ ਜਿਤਨੇ ਕੁ ਦੀ ਲੋੜ ਹੈ। "ਬਾਣੀ ਬਰਮਾਉ" ਦਾ ਭਾਵ ਹੈ–ਬਾਣੀ ਜਿਹੜੀ ਸੁਣਨ ਵਾਲੇ ਦੇ ਦਿਲ ਦੀਆਂ ਧੁਰ ਹੇਠਲੀਆਂ ਤਹਿਆਂ ਵਿਚ ਪੁਜ ਕੇ ਉਸ ਦਾ ਮਨ ਮੋਹ ਲਵੇ। ਜਿਹੜਾ ਇਕ ਵੇਰ ਦੋ ਚਾਰ ਮਿੰਟ ਗੱਲ ਕਰ ਕੇ ਜਾਏ, ਉਸ ਦਾ ਮੁੜ ਮੁੜ ਕੇ ਤੁਹਾਡੇ ਨਾਲ ਗੱਲ ਕਰਨ ਦਾ ਜੀਅ ਕਰੇ, ਤੁਹਾਡੀ ਸੰਗਤ ਚੋਂ ਉਸ ਨੂੰ ਸੁਗੰਧ ਆਵੇ । ਜਿਹੜਾ ਕੋਈ ਇਹ ਦੋ ਗੱਲਾਂ ਆਪਣੇ ਜੀਵਨ ਵਿਚ ਪੈਦਾ ਕਰ ਲਵੇਗਾ, ਉਸ ਦੇ ਅੰਦਰੋਂ–"ਸਤਿ ਸੁਹਾਣੁ" ਸਚ ਦੀ ਸੁਹਾਵਣੀ ਸ਼ਕਤੀ ਫੁਟੇਗੀ, ਸਤਿ ਦਾ ਸੁਹੱਪਣ ਨਿਖਰੇਗਾ ਅਤੇ ਉਸਦਾ–"ਸਦਾ ਮਨਿ ਚਾਉ" ਮਨ ਵਿਚ ਸਦਾ ਚਾਉ ਰਹੇਗਾ। ਉਹ ਸਦਾ ਪ੍ਰਸੰਨ-ਚਿਤ ਰਹੇਗਾ।

ਕਿਸੇ ਨੂੰ ਰੋਗ-ਗ੍ਰਸਤ ਕਰੀ ਰਖਣ ਜਾਂ ਸੁਅਸਤ ਤੇ ਪ੍ਰਸੰਨ-ਚਿਤ ਰਖਣ ਵਾਲੀਆਂ ਦੋ ਹੀ ਵਸਤਾਂ ਹਨ–ਚਿੰਤਾ ਜਾਂ ਚਾਉ। ਦੂਜਿਆਂ ਦਾ ਹਕੁ ਮਾਰ ਕੇ ਧਨ-ਸੰਪਤੀ ਦਾ ਸੰਚਾਰ ਕਰਨ ਵਾਲੇ ਨੂੰ ਸਦਾ ਚਿੰਤਾ ਰਹੇਗੀ ਅਤੇ ਧਰਮ ਦੀ ਕ੍ਰਿਤ ਕਰਨ ਵਾਲੇ ਅਤੇ ਪ੍ਰਭੂ ਜੀ ਵਲੋਂ ਆ ਰਹੇ ਰਿਜ਼ਕ ਚੋਂ ਕੇਵਲ ਲੋੜ ਅਨੁਸਾਰ ਹੀ ਪ੍ਰਾਪਤ ਕਰਨ ਵਾਲੇ ਦੇ ਮਨ ਵਿਚ ਸਦਾ ਚਾਉ ਰਹੇਗਾ। ਚਿੰਤਾ ਵਾਲੇ ਨੂੰ ਕਈ ਪ੍ਰਕਾਰ ਦੇ ਰੋਗ ਲਗੇ ਰਹਿਣਗੇ, ਐਪਰ "ਚਾਉ" ਵਾਲਾ ਸਦਾ ਰੋਗ-ਮੁਕਤ ਤੇ ਖਿੜੇ ਮਥੇ, ਪ੍ਰਸੰਨ-ਚਿਤ ਤੇ ਹਸ਼ਾਸ਼ ਬਸ਼ਾਸ਼ ਰਹੇਗਾ । ਇਹ ਇਕ ਅਤੀ ਹੀ ਸਾਧਾਰਨ ਤੇ ਅਮਲ ਵਿਚ ਲਿਆਉਣ ਵਾਲਾ ਨੁਸਖ਼ਾ ਹੈ। ਸੁਅਸਤਿ ਅਤੇ ਪ੍ਰਸੰਨ-ਚਿਤ ਰਹਿਣ ਦਾ ਜਿਹੜਾ ਵੀ ਇਛਕ ਚਾਹੇ, ਇਸਨੂੰ ਅਜ਼ਮਾ ਕੇ ਵੇਖ ਲਵੇ।

ਸਤਿਗੁਰੂ ਸ੍ਰੀ ਗੁਰੂ ਅਮਰ ਦਾਸ ਪਾਤਿਸ਼ਾਹ ਨੇ ਵੀ ਸੁਝਾਅ ਦਿਤਾ ਸੀ ਕਿ ਜੇ ਦੁਖਾਂ, ਕਲੇਸ਼ਾਂ, ਬੀਮਾਰੀਆਂ ਅਥਵਾ ਵੈਰ ਵਿਰੋਧ ਤੋਂ ਬਚਣਾ ਚਾਹੁੰਦੇ ਹੋ ਤਾਂ ਰਾਤ ਨੂੰ ਭਾਂਡੇ ਮੂਧੇ ਕਰ ਕੇ ਸੌਂਵੋਂ, ਸਵੇਰੇ ਵਾਹਿਗੁਰੂ ਅਕਾਲ ਪੁਰਖ ਲੋੜ ਅਨੁਸਾਰ ਅਵੱਸ਼ ਦੇਵੇਗਾ। ਸਤਿਗੁਰੂ ਜੀ ਦਾ ਇਹ ਸੁਝਾਅ "ਸੁਅਸਤਿ ਆਥਿ" ਹੀ ਹੈ । ਇਸ ਵਿਚ ਮਨੁਖ ਦੇ ਸਦਾ ਸੁਖੀ ਤੇ ਨਿਰੋਗੀ ਰਹਿਣ ਅਤੇ ਸੰਸਾਰ ਭਰ ਵਿਚ ਸ਼ਾਂਤੀ, ਸਮਾਨਤਾ ਅਤੇ ਸੰਤੁਸ਼ਟਤਾ ਅਥਵਾ ਸੰਸਾਰ-ਅਮਨ ਦਾ ਰਾਜ਼ ਛੁਪਿਆ ਪਿਆ ਹੈ।

ਦੂਜਿਆਂ ਦਾ ਹੱਕ ਮਾਰ ਕੇ ਮਾਇਆ ਦੇ ਅੰਬਾਰ ਭਾਵੇਂ ਕਿਸੇ ਅਸਥਾਨ ਵਿਚ ਹੋਣ ਜਾਂ ਕਿਸੇ ਵਿਅਕਤੀ ਦੀ ਤਜੌਰੀਆਂ ਵਿਚ ਹੋਣ, ਇਹ ਛਲ, ਕਪਟ, ਝੂਠ, ਪਾਪ ਬਿਨਾਂ ਬਿਲਕੁਲ ਇਕਤ੍ਰ ਨਹੀਂ ਹੋ ਸਕਦੇ–

ਪਾਪਾਂ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥ (੪੧੭–੧੭)

